# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਰਸਾਲਾ

ਅੰਕ 10 | ਸਾਲ ਸੱਤਵਾਂ | ਅਕਤੂਬਰ, 1995

## ਸਿਦਕਵਾਨ ਸਮਰਪਿਤ ਕੀਰਤਨੀਏ



## ਭਾਈ ਉੱਤਮ ਸਿੰਘ ਪਤੰਗ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 772660

# ਅੰਮ੍ਰਿਤ ਕੀਰਤਨ

ਅੰਕ 10 ਸਾਲ ਸੱਤਵਾਂ ਅਕਤੂਬਰ, 1995

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ ਐਮ.ਏ.
(ਸੰਗੀਤ, ਪੰਜਾਬੀ, ਧਾਰਮਿਕ ਅਧਿਐਨ)
ਪੀ-ਐਚ.ਡੀ.

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 772660

**ਚੰਦੇ ਦਾ ਵੇਰਵਾ**
ਇਕ ਕਾਪੀ 10 ਰੁਪਏ
ਦੇਸ਼ ਸਲਾਨਾ 100 ਰੁਪਏ
ਜੀਵਨ ਮੈਂਬਰ 1000 ਰੁਪਏ
ਵਿਦੇਸ਼ ਸਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

1] ਅਰਦਾਸ ਦੀ ਸਾਂਝੀਵਾਲਤਾ 1
—ਬਿਭਾਸ ਪ੍ਰਭਾਤੀ ਕਬੀਰ

2] ਜੰਮੂ ਕਸ਼ਮੀਰ ਦੇ ਕੀਰਤਨੀਏ ਤੇ ਪ੍ਰਚਾਰਕ-2 3
— ਜਸਵੀਰ ਸਿੰਘ ਸਰਨਾ

3] ਸੁਰ ਲਿਪੀ—ਰਾਗ ਬਿਲਾਵਲ 6
—ਬਲਬੀਰ ਸਿੰਘ ਨੀਲਮ

4] ਅੰਤਰ ਰਾਸ਼ਟਰੀ ਢਾਡੀ
ਗਿ: ਜਸਵੰਤ ਸਿੰਘ ਤਾਨ 8
— ਡਾ. ਜੀ.ਐਸ. ਰੁਪਾਲ

5] ਕੈਸੱਟ ਸਮੀਖਿਆ 10
—ਡਾ. ਤ੍ਰਿਲੋਚਨ ਸਿੰਘ ਤਰਸੀ

6] ਸਿਦਕਵਾਨ ਸਮਰਪਿਤ ਕੀਰਤਨੀਏ : 17
ਭਾਈ ਉੱਤਮ ਸਿੰਘ ਜੀ ਪਤੰਗ

**'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ**

'ਅੰਮ੍ਰਿਤ ਕੀਰਤਨ' ਦੇ ਪਿਛਲੇ ਸਾਲਾਂ ਦੇ ਕੁਝ ਪੁਰਾਣੇ ਅੰਕ ਪ੍ਰਾਪਤ ਕਰਨ ਲਈ ਚਿੱਠੀ-ਪੱਤਰ ਕਰਨ ਦੀ ਕਿਰਪਾ ਕਰਨੀ।

**'ਅੰਮ੍ਰਿਤ ਕੀਰਤਨ' ਲਈ ਚੈਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।**

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ।

# ਅਰਦਾਸ ਦੀ ਸਾਂਝੀਵਾਲਤਾ

## ਬੇਦ ਕਤੇਬ ਕਹਹੁ ਮਤ ਝੂਠੇ, ਝੂਠਾ ਜੋ ਨ ਬਿਚਾਰੈ ।

—ਬਿਭਾਸ ਪ੍ਰਭਾਤੀ ਕਬੀਰ (1350/5)

ਅਰਦਾਸ ਸਮੁਚੇ ਮਨਖ ਮਾਤ੍ਰ ਦਾ ਸਾਂਝਾ ਅਨੁਭਵ ਹੈ । ਸ਼ਾਇਦ ਹੀ ਕੋਈ ਐਸਾ ਮਨੁੱਖ ਹੋਵੇ ਜਿਸ ਨੇ ਕਿਸੇ ਨਿਰਗੁਣ ਸ਼ਕਤੀ ਨੂੰ ਕਦੇ ਬਹੁੜੀ ਨ ਪਾਈ ਹੋਵੇ । ਫਿਰ ਕਈ ਧਰਮ ਅਜਿਹਾ ਕਿਵੇਂ ਹੋ ਸਕਦਾ ਹੈ ਜਿਸ ਵਿਚ ਅਰਦਾਸ ਨ ਹੋਵੇ ? ਅਰਦਾਸ ਕਿਸੇ ਧਰਮ ਦੀ ਵੀ ਹੋਵੇ, ਇੱਕੋ ਅੰਤ੍ਰੀਵ ਭਾਵਨਾ ਦੀ ਧਾਰਨੀ ਹੁੰਦੀ ਹੈ—ਤੇ ਇਉਂ ਅਨੇਕਤਾ ਪਿਛੇ ਲੁਕੀ ਏਕਤਾ ਦੀ ਸੂਚਕ ਹੁੰਦੀ ਹੈ । ਸਪਸ਼ਟ ਹੈ ਕਿ ਅਰਦਾਸ ਸਮਸਤ ਧਰਮਾਂ ਦੀ ਮੂਲ ਏਕਤਾ ਦਾ ਪ੍ਰਮਾਣ ਹੈ ।

ਵੈਦਿਕ ਸੰਧਿਆ-ਉਪਾਸਨਾ, ਇਸਲਾਮੀ ਨਮਾਜ਼, ਈਸਾਈ ਪ੍ਰਾਰਥਨਾ ਤੇ ਸਿੱਖ ਅਰਦਾਸ ਅਸਲ ਵਿਚ ਵੱਖ ਵੱਖ ਸਮੇਂ ਢਲੇ ਇਕੋ ਭਾਵਨਾ ਦੇ ਅੱਡ ਅੱਡ ਰੂਪ ਹਨ । ਉਹਨਾਂ ਵਿਚਾਲੇ ਭਾਵਾਂ ਤੇ ਭਾਵਨਾ ਦੀ ਬੁਨਿਆਦੀ ਸਾਂਝ ਦਿਸਦੀ ਹੈ । ਕਈ ਵਾਰੀ ਤਾਂ ਰੂਪ ਦੀ ਸਾਂਝ ਵੀ ਝਲਕਦੀ ਭਾਸਦੀ ਹੈ ।

ਅਰਦਾਸ ਕਰਨਾ, ਭਾਵਨਾ ਦੇ ਪਵਿੱਤਰ ਜਲ ਵਿਚ ਇਸ਼ਨਾਨ ਕਰਨਾ ਹੈ, ਤੇ ਇਸ ਇਸ਼ਨਾਨ ਮਗਰੋਂ ਆਪਣੀ ਆਤਮਾ ਦੇ ਸ਼ੀਸ਼ੇ ਵਿਚ ਝਾਕਣਾ ਹੈ -ਇਹ ਵੇਖਣ ਲਈ, ਕਿਤੇ ਕੋਈ ਮੈਲ ਤਾਂ ਨਹੀਂ ਰਹਿ ਗਈ । ਜੋ ਨਿੱਤ ਇਹ ਮਜਨ ਕਰਦਾ ਹੈ, ਉਸਦਾ ਅੰਦਰਾ ਲਿਸ਼ ਲਿਸ਼ ਕਰਦਾ ਹੈ ।

ਅਰਦਾਸ ਦਾ ਕੋਈ ਸਮਾਂ ਮੁਕੱਰਰ ਨਹੀਂ । ਭਾਵਨਾ ਸਮੇਂ ਦੀ ਗੁਲਾਮ ਨਹੀਂ ਹੁੰਦੀ । ਇਸ ਦਾ ਆਤਮਕ ਉਮਾਹ ਦੇਸ਼ ਕਾਲ ਦੀਆਂ ਬੰਦਸ਼ਾਂ ਤੋਂ ਮੁਕਤ ਹੁੰਦਾ ਹੈ । ਜਿਨ੍ਹਾਂ ਦੇ ਅੰਦਰ ਦਿਨ-ਚੜ੍ਹਦੇ ਇਹ ਉਮਾਹ ਜਾਗਦਾ, ਤੇ ਦਿਨ ਢਲਦੇ ਵੀ ਏਹੋ ਜਗਮਗਾਉਂਦਾ ਹੈ, ਉਨ੍ਹਾਂ ਦਾ ਸਾਰਾ ਜੀਵਨ ਚਾਨਣ-ਚਾਨਣ ਹੋਇਆ ਰਹਿੰਦਾ ਹੈ । ਜਿਨ੍ਹਾਂ ਦੇ ਅੰਦਰ ਮੈਲ ਨਾਲ ਅੱਟੇ ਪਏ ਹਨ, ਉਨ੍ਹਾਂ ਦਾ ਉਮਾਹ ਲਿਸ਼ਕਣੋਂ ਹਟ ਗਿਆ ਹੈ । ਉਹਨਾਂ ਦੇ ਅੰਦਰੇ ਸੌਂ ਗਏ ਹਨ । ਉਨ੍ਹਾਂ ਨੂੰ ਝੰਜੋੜ ਕੇ ਜਗਾਉਣ ਦੀ ਲੋੜ ਹੈ । ਉਨ੍ਹਾਂ ਵਾਸਤੇ ਅਭਿਆਸ ਲੋੜੀਂਦਾ ਹੈ, ਤੇ ਅਰਦਾਸ ਹੀ ਉਨ੍ਹਾਂ ਲਈ ਲੋੜੀਂਦਾ ਅਭਿਆਸ ਹੈ । ਇਸ ਅਭਿਆਸ ਨਾਲ ਜਿਉਂ ਜਿਉਂ ਉਨ੍ਹਾਂ ਦੀ ਅਰਦਾਸ ਹੋਰ ਸੁਚੇਤ ਹੋਵੇਗੀ, ਉਮਾਹ ਚਮਕੇਗਾ, ਤੇ ਅੰਦਰੋਂ ਨਵੇਂ ਲਿਸ਼ਕਾਰੇ ਪ੍ਰਤੀਤ ਹੋਣਗੇ ।

ਬਹੁਤ ਸਾਰੇ ਧਰਮਾਂ ਵਿਚ ਘਟੋ ਘਟ ਦੋ ਵੇਲੇ ਅਰਦਾਸ ਦੇ ਅਭਿਆਸ ਦਾ ਨੇਮ ਹੈ । ਇਹ ਨੇਮ ਤਾਂ ਨਵੇਂ ਪੰਧਾਊਆਂ ਲਈ ਮੁਕੱਰਰ ਕੀਤਾ ਜਾਂਦਾ ਹੈ । ਜਿਨ੍ਹਾਂ ਦਾ ਹਰ ਸੁਆਸ

ਅਰਦਾਸ ਦੀ ਭਾਵਨਾ ਨਾਲ ਰੰਗਿਆ ਹੋਇਆ ਹੈ ਉਨ੍ਹਾਂ ਨੂੰ ਕਿਸੇ ਨੇਮ, ਕਿਸੇ ਮਰਯ ਦਾ ਦੀ ਮੁਥਾਜੀ ਨਹੀਂ ਰਹਿੰਦੀ। ਫਿਰ ਵੀ 'ਅੰਮ੍ਰਿਤ ਵੇਲਾ' ਤੇ 'ਸੰਧਿਆ ਵੇਲਾ' ਕੁਦਰਤ ਦੇ ਦੋ ਸੁਹਾਉਣੇ ਵੇਲੇ ਹਨ। ਇਹ ਆਰਾਮ ਤੋਂ ਕਾਰ ਵਲ ਤੇ ਕਾਰ ਤੋਂ ਆਰਾਮ ਵਲ ਪਰਤਣ ਦੇ ਸਮੇਂ ਹੁੰਦੇ ਹਨ। ਆਰਾਮ ਤੋਂ ਉਠ ਕੇ ਸਚੇਤ ਹੋ ਰਿਹਾ ਮਨ, ਜਾਂ ਆਰਾਮ ਦੀ ਗੋਦ ਵਿਚ ਮਸਤ ਹੋ ਰਹੀ ਚੇਤਨਾ, ਅਰਦਾਸ ਵਿਚ ਵਧੇਰੇ ਜੁੜ ਸਕਦੀ ਹੈ। ਇਸੇ ਲਈ ਬਚਨ ਹੈ: 'ਅਰਦਾਸ, ਸਾਡੇ ਦਿਨਾਂ ਦੀ ਕੁੰਜੀ ਤੇ ਰਾਤ ਦਾ ਜੰਦਰਾ ਹੋਣੀ ਚਾਹੀਦੀ ਹੈ।' ਰਿਗ ਵੇਦ ਵਿਚ ਕਿਹਾ ਹੈ: "ਜਦੋਂ ਸੂਰਜ ਚੜ੍ਹੇ ਤਾਂ ਵੀ ਪ੍ਰਾਰਥਨਾ ਕਰੋ, ਜਦੋਂ ਡੁੱਬੇ ਤਾਂ ਵੀ।" ਮਹਾਤਮਾ ਜ਼ਰਤੁਸ਼ਤ ਦਾ ਕਥਨ ਹੈ: 'ਇਹ ਸਵੇਰਾ, ਇਹ ਦੁਪਹਿਰੀ, ਇਹ ਸੰਝ ਕਿਸੇ ਦੇ ਸਿਰਜੇ ਹੋਏ ਹਨ। ਇਹ ਜਗਿਆਸੂ ਨੂੰ (ਅਰਦਾਸ ਦੇ) ਮਹਾਨ ਕਰਤੱਵ ਦਾ ਚੇਤਾ ਕਰਾਉਂਦੇ ਹਨ।" ਜਿਸ ਦਾ ਦਿਨ ਅਰਦਾਸ ਨਾਲ ਚੜ੍ਹਦਾ ਹੈ, ਸਾਰਾ ਦਿਨ ਉਸ ਦੀ ਕਿਰਤ ਵਾਹਿਗੁਰੂ ਦੀ ਹਜ਼ੂਰੀ ਵਿਚ ਹੁੰਦੀ ਹੈ। ਜਿਸ ਦੀ ਰਾਤ ਅਰਦਾਸ ਨਾਲ ਪੈਂਦੀ ਹੈ ਉਸ ਦੀ ਨੀਂਦ ਵਾਹਿਗੁਰੂ ਦੀ ਗੋਦ ਵਿਚ ਬੀਤਦੀ ਹੈ। ਵਾਹਿਗੁਰੂ ਦੀ ਮੇਹਰ ਤਾਂ ਹਰ ਵੇਲੇ ਬਰਸਦੀ ਪਈ ਹੈ ਜਿਸ ਵੇਲੇ ਵੀ ਅਰਦਾਸ ਦਾ ਪੱਲਾ ਅੱਡ ਦੇਈਏ, ਬਖਸ਼ਿਸ਼ ਨਾਲ ਝੋਲੀ ਭਰ ਜਾਂਦੀ ਹੈ। ਉਸਦੀ ਜੋਤ ਤਾਂ ਹਰ ਵੇਲੇ ਜਗਮਗਾ ਰਹੀ ਹੈ, ਅਰਦਾਸ ਤਾਂ ਉਸ ਨੂਰ ਨੂੰ ਸੱਦਾ ਦੇਣਾ ਹੈ ਕਿ 'ਮੇਰਾ ਮਨ ਵੀ ਜਗਮਗਾ ਦੇ':

ਓਮ !
ਤਿੰਨਾਂ ਲੋਕਾਂ ਤੇ ਮਨ ਦੀਆਂ ਤਿੰਨੇ ਅਵਸਥਾ ਅੰਦਰ ਵਿਚਰਦੇ ਹੇ ਪਿਤਾ,
ਆਪਣੀ ਦਿਬ ਜੋਤੀ ਨਾਲ ਸਾਡੇ ਮਨਾ ਨੂੰ ਰੁਸ਼ਨਾ ਕੇ
ਸਾਨੂੰ ਪ੍ਰੇਰਨਾ ਦੇ।
ਅਸੀਂ ਆਪਣੀ ਬੁੱਧੀ ਨੂੰ ਤੇਰੀ ਦੇਵੀ ਜੋਤਿ ਦਾ
ਪ੍ਰਕਾਸ਼ ਝੱਪਣ ਲਈ
ਨੰਗਿਆ ਕਰਦੇ ਹਾਂ। — ਵੈਦਿਕ ਗਾਇਤ੍ਰੀ।

# ਜੰਮੂ ਕਸ਼ਮੀਰ ਦੇ ਕੀਰਤਨੀਏ ਤੇ ਪ੍ਰਚਾਰਕ-2

ਜਸਵੀਰ ਸਿੰਘ ਸਰਨਾ ਕਸ਼ਮੀਰ

## (4) ਸੰਤ ਨਰੈਣ ਸਿੰਘ

ਸੰਤ ਨਰੈਣ ਸਿੰਘ ਦਾ ਜਨਮ 1902 ਈ: ਨੂੰ ਭਾਈ ਦਇਆ ਸਿੰਘ ਗੁਫ਼ਾ (ਮੁਜ਼ਫ਼ਰਾਬਾਦ) ਦੇ ਘਰ ਹੋਇਆ। ਭੁਝੰਗੀ ਸਿੰਘ ਦੇ ਜਨਮ ਸੰਸਕਾਰ ਗੁਰਮਤਿ ਅਨੁਸਾਰ ਕੀਤੇ ਗਏ। ਨਰੈਣ ਸਿੰਘ ਅਜੇ ਦੋ ਕੁ ਸਾਲ ਦੇ ਹੀ ਸਨ ਕਿ ਪਿਤਾ ਜੀ ਗੁਰਪੁਰੀ ਸਿਧਾਰ ਗਏ। ਛੋਟੇ ਹੁੰਦਿਆਂ ਹੀ ਸ੍ਰ: ਨਰੈਣ ਸਿੰਘ ਨੂੰ ਡੇਰਾ ਗੁਫ਼ਾ ਮੁਜ਼ਫ਼ਰਾਬਾਦ ਦਾ ਸੰਚਾਲਕ ਥਾਪਿਆ ਗਿਆ।

ਇਨ੍ਹਾਂ ਨੇ ਮੁੱਢਲੀ ਵਿਦਿਆ ਸੰਤ ਧਿਆਨ ਸਿੰਘ ਤੋਂ ਹਾਸਿਲ ਕੀਤੀ। ਛੋਟੇ ਗਰੰਥਾਂ ਦੀ ਸੰਥਾਂ ਆਦਿ ਵੀ ਸੰਤ ਹਰਨਾਮ ਸਿੰਘ ਤੋਂ ਪ੍ਰਾਪਤ ਕੀਤੀ। ਅਕਾਲੀ ਕੌਰ ਸਿੰਘ ਨਿਹੰਗ ਅਤੇ ਸ੍ਰ: ਗੁਰਦਿਤ ਸਿੰਘ ਦੀ ਪ੍ਰੇਰਨਾ ਨਾਲ ਆਪ ਉੱਚ ਵਿਦਿਆ ਲਈ ਤਰਨਤਾਰਨ ਵਿਦਿਆਲੇ ਦਾਖਲ ਹੋ ਗਏ। ਆਪ ਜੀ ਦੀ ਯਾਦ ਸ਼ਕਤੀ ਬੜੀ ਪ੍ਰਬਲ ਸੀ। ਥੋੜੇ ਸਮੇਂ ਵਿਚ ਹੀ ਪਰਚਾਰਕ ਅਤੇ ਰਾਗ ਵਿਦਿਆ ਵਿਚ ਨਿਪੁੰਨ ਹੋ ਗਏ। ਤਰਨਤਾਰਨ ਵਿਚ ਕਾਫੀ ਸਮਾਂ ਰਹਿ ਕੇ ਫਿਰ ਗੁਫ਼ਾ ਮੁਜ਼ਫ਼ਰਾਬਾਦ ਆ ਗਏ। ਇਥੇ ਹੀ ਇਨ੍ਹਾਂ ਦਾ ਵਿਵਾਹ ਸ੍ਰ: ਗੁਰਦਿਤ ਸਿੰਘ ਆਫ਼ ਅੰਮੋਰ ਪਿੰਡ ਦੀ ਨੇਕ ਸਪੁਤਰੀ ਬੀਬੀ ਅਨੰਦ ਕੌਰ ਨਾਲ ਗੁਰਮਤਿ ਅਨੁਸਾਰ ਹੋਇਆ। ਆਪ ਜੀ ਨੇ ਕਈ ਗੁਰਦੁਆਰੇ ਇਮਾਰਤਾਂ ਤਿਆਰ ਕਰਵਾਈਆਂ।

ਅਕਾਲੀ ਲਹਿਰ ਦੇ ਸਮੇਂ ਆਪ ਜੀ ਕਸ਼ਮੀਰ ਮੁਜ਼ਫ਼ਰਾਬਾਦ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਜਾਂਦੇ ਰਹੇ। ਪਿੰਡ ਪਿੰਡ ਜਾ ਕੇ ਕਸ਼ਮੀਰ ਪਹਾੜ ਇਲਾਕੇ ਵਿਚ ਸਿੱਖੀ ਪ੍ਰਚਾਰ ਦੇ ਨਾਲ ਨਾਲ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਗੁਰਬਾਣੀ ਦੇ ਰਸੀਏ ਹੋਣ ਕਾਰਨ ਲੋਕਾਂ ਨੂੰ ਗੁਰਬਾਣੀ ਨੁਮਾ ਜੀਵਨ ਬਿਤਾਉਣ ਲਈ ਪ੍ਰੇਰਨਾ ਦੇਂਦੇ ਰਹੇ। 1920 ਸੀ-ਈ: ਵਿਚ ਆਪ ਨੇ ਡੇਰਾ ਗੁਫ਼ਾ ਵਿਚ 131 ਅਖੰਡ ਪਾਠਾਂ ਦਾ ਪ੍ਰਵਾਹ ਚਲਾਇਆ।

ਆਪ ਜੀ ਕੀਰਤਨ ਬੜਾ ਰਸੀਲਾ ਕਰਦੇ ਸਨ ਅਤੇ ਸਿੱਖੀ ਪ੍ਰਚਾਰ ਲਈ ਹਮੇਸ਼ਾਂ ਅਗੇ ਰਹਿੰਦੇ ਸਨ। ਆਪ ਜੀ ਦੇ ਉਦਮ ਸਦਕਾ ਹੀ ਗੁਰਦੁਆਰਾ ਛੇਵੀਂ-ਪਾਤਸ਼ਾਹੀ ਕਟਾਈ (ਹੁਣ ਪਾਕਿਸਤਾਨ ਵਿਚਲਾ ਕਸ਼ਮੀਰ) ਦੀ ਨਵ-ਇਮਾਰਤ ਬਣਾਈ ਗਈ ਸੀ।

ਆਪ ਜੀ ਦੇ ਘਰ ਚਾਰ ਸਪੁਤਰੀਆਂ ਬੀਬੀ ਹਰਬੰਸ ਕੌਰ, ਬੀਬੀ ਰਣਜੀਤ ਕੌਰ, ਬੀਬੀ ਪਰਦੁਮਨ ਕੌਰ ਅਤੇ ਬੀਬੀ ਗੁਰਬਚਨ ਕੌਰ ਹੋਈਆਂ। ਆਪ ਨੇ ਮੁਜ਼ਫ਼ਰਾਬਾਦ, ਹਜ਼ਾਰਾ ਕਸ਼ਮੀਰ ਆਦਿ ਵਿਚ ਥਾਂ ਥਾਂ ਜਾ ਕੇ ਕੀਰਤਨ ਅਤੇ ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚਲਾਇਆ। ਘੋੜੇ ਦੀ ਸਵਾਰੀ ਦੇ ਬੜੇ ਸ਼ੌਕੀਨ ਸਨ ਅਤੇ ਤਲਵਾਰ ਹਮੇਸ਼ਾਂ ਗਾਤਰੇ ਰਖਦੇ ਸਨ।

ਆਖ਼ਰ ਆਪ ਜੀ ਇਸ ਫ਼ਾਨੀ ਸੰਸਾਰ ਤੋਂ 1931 ਸੀ·ਈ ਵਿਚ ਕੂਚ ਕਰ ਗਏ।

## (5) ਭਾਈ ਪੁਣਛੂ ਜੀ

ਆਪ ਜੀ ਦਾ ਜਨਮ ਇਕ ਅੰਦਾਜ਼ੇ ਮੁਤਾਬਕ 1793 ਸੀ ਈ ਨੂੰ ਭਾਈ ਜੱਸੂ ਦੇ ਘਰ ਮਹਿੰਦਰ (ਪੁਛਣ) ਵਿਚ ਹੋਇਆ। ਆਪ ਦੇ ਬਜ਼ੁਰਗ (ਬਾਬਾ) ਭਾਈ ਵਸਾਵਾ ਸੀ ਜੋ ਬਾਬਾ ਬੰਦਾ ਸਿੰਘ ਬਹਾਦਰ ਦਾ ਨਜ਼ਦੀਕੀ ਸੰਬੰਧੀ ਸੀ। ਭਾਈ ਵਸਾਵਾ ਤੇ ਬਾਬਾ ਬੰਦਾ ਸਿੰਘ ਬਹਾਦਰ ਇਕੱਠੇ ਹੀ ਸ਼ਿਕਾਰ ਖੇਡਣ ਜਾਇਆ ਕਰਦੇ ਸਨ। ਭਾਈ ਪੁਣਛੂ ਜੀ ਨੇ ਅੰਮ੍ਰਿਤ ਛਕਣ ਤੋਂ ਬਾਅਦ ਕੀ ਨਾਂ ਰਖਿਆ ਇਸ ਬਾਰੇ ਬਹੁਤੀ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ ਪਰ ਇਹ ਅਜ ਤਕ ਭਾਈ ਪੁਣਛੂ ਜੀ ਦੇ ਨਾਂ ਨਾਲ ਹੀ ਪ੍ਰਸਿਧ ਹਨ।

ਇਹ ਜਵਾਨੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋਏ। ਪੋਠੋਹਾਰ ਵਿਚ ਕਾਫੀ ਸਮਾਂ ਡਿਊਟੀ ਤੇ ਰਹੇ। ਕਾਫੀ ਸਮੇਂ ਬਾਅਦ ਨੌਕਰੀ ਛੱਡ ਦਿਤੀ। ਆਪ ਹਮੇਸ਼ਾਂ ਧਨੁਸ਼ ਬਾਣ ਪਾਸ ਰਖਦੇ ਸਨ ਅਤੇ ਆਪਣੇ ਬਜ਼ੁਰਗਾਂ ਵਾਂਗ ਬੜੇ ਮੰਨੇ ਹਏ ਨਿਸ਼ਾਨਚੀ ਸਨ।

ਆਪ ਜੀ ਕੀਰਤਨ 'ਦੁਤਾਰਾ' ਨਾਲ ਕਰਦੇ ਸਨ ( ਭਾਈ ਕਾਨ ਸਿੰਘ ਨਾਭਾ ਦੇ ਮਹਾਨਕੋਸ਼ ਅਨੁਸਾਰ (ਸਫਾ 643) 'ਦੋ ਤਾਰ ਦਾ ਸਾਜ਼, ਸੰਗੀਤ ਵਿਚ ਇਸ ਦਾ ਨਾਓ-ਨਕਲੀ-ਵੀਣਾ ਹੈ "ਸੁਰ ਕੋ ਕਰਤ ਬਜਾਇ ਦੁਤਾਰਾ")

ਆਪ ਅਸਲੋਂ ਬੇਪ੍ਰਵਾਹ ਤੇ ਅਲਮਸਤ ਫ਼ਕੀਰਾਂ ਵਾਂਗ ਵਿਚਾਰਦੇ ਸਨ ਇਸੇ ਲਈ ਹਰ ਧਰਮ ਦੇ ਲੋਕ ਆਪਦਾ ਸਤਿਕਾਰ ਕਰਦੇ ਸਨ। ਆਪ ਦੁਤਾਰੇ ਨਾਲ ਕੀਰਤਨ ਕਰਦੇ। ਕਦੀ ਬਿਸ਼ਨ ਪਦੇ ਗਾਉਂਦਿਆਂ ਕਦੀ ਹਸਦੇ ਰਹਿੰਦੇ ਅਤੇ ਕਦੀ ਰੋਣ ਲਗ ਪੈਂਦੇ।

ਭਾਈ ਪੁਣਛੂ ਜੀ ਨੇ ਪੋਠੋਹਾਰ ਵਿਚ ਗੁਜਰਖਾਨ, ਬਸਾਲੀ, ਸੁਖੋ, ਰਵਾਤਾਂ, ਗੁਲਿਆਣਾ, ਡੋਰ, ਅਦਿਕ ਥਾਵਾਂ ਤੇ ਜਾ ਕੇ ਲੋਕਾਂ ਨੂੰ ਭਜਨ ਬੰਦਗੀ-ਤੇ ਸੇਵਾ ਦਾ ਉਪਦੇਸ਼ ਦਿਤਾ। ਗੁਜਰਖਾਨ ਤੇ ਰਵਾਤਾਂ ਵਿਚ ਆਪ ਦੀ ਯਾਦਗਾਰ ਵਜੋਂ 947 ਤੋਂ ਪਹਿਲਾਂ ਗੁਰਦੁਵਾਰੇ ਪ੍ਰਸਿਧ ਸਨ। ਆਪ ਕਾਫ਼ੀ ਉਮਰ ਭੋਗ ਕੇ ਰਵਾਤਾਂ, ਜ਼ਿਲਾ ਰਾਵਲ-ਪਿੰਡੀ ਵਿਚ ਗੁਰਪੁਰੀ ਸਿਧਾਰ ਗਏ ਸਨ।

## (6) ਭਾਈ ਦੇਸਾਂ ਸਿੰਘ

ਭਾਈ ਦੇਸਾਂ ਸਿੰਘ ਦਾ ਜਨਮ 1903 ਸੀ ਈ ਵਿਚ ਪੁਛਣ ਵਿਚ ਹੋਇਆ। ਆਪ ਜੀ ਨੇ ਮੁੱਢਲੀ ਵਿਦਿਆ ਸੰਤ ਮਿਸ਼ਰਾ ਸਿੰਘ ਅੰਮ੍ਰਿਤਸਰ ਦੇ ਡੇਰੇ ਤੋਂ ਪ੍ਰਾਪਤ ਕੀਤੀ। ਇਥੇ ਹੀ ਰਾਗ ਵਿਦਿਆ ਵਿਚ ਨਿਪੁੰਨ ਹੋਏ। ਕੀਰਤਨ ਬੜਾ ਰਸੀਲਾ ਤੇ ਮਨੋਰੰਜਕ ਕਰਦੇ ਸਨ। ਆਪ ਧਾਰਮਕ ਕਮੇਟੀ ਪਣਿਆਲੀ ਅਤੇ ਸੈਂਟ੍ਰਲ ਖਾਲਸਾ ਬੋਰਡ ਬਾਗ (ਪੁਛਣ) ਦੇ ਕਰਮਵਾਰ ਪ੍ਰਧਾਨ ਤੇ ਮੀਤ-ਪ੍ਰਧਾਨ ਰਹੇ। 1931 ਸੀ ਈ ਦੀ ਸ਼ੋਰਸ਼ ਸਮੇਂ ਸਰਕਾਰ ਪੁਛਣ ਨੂੰ ਮਦਦ ਦੇ ਕੇ ਦਿਆਨਤਕਾਰੀ ਬਦਲੇ ਸੰਨਤਾਂ ਅਤੇ ਸਰਟੀਫੀਕੇਟ ਹਾਸਿਲ ਕੀਤੇ। ਆਪ ਦੇ ਘਰ ਓ ਭੁਝੰਗੀ ਹੋਏ ਸਨ।

ਆਪ ਦੇ ਛੋਟੇ ਵੀਰ ਭਾਈ ਦੱਯਾ ਸਿੰਘ ਨੇ ਵੀ ਅੰਮ੍ਰਿਤਸਰ ਵਿਖੇ ਰਹਿ ਕੇ ਰਾਗ ਵਿਦਿਆ ਅਤੇ ਧਾਰਮਿਕ ਵਿਦਿਆ ਵਿਚ ਪ੍ਰਬੀਨ ਹੋਏ । ਕਾਫ਼ੀ ਸਮਾਂ ਪਟਿਆਲਾ ਰਹਿ ਕੇ ਵੀ ਵਿਦਿਆ ਹਾਸਿਲ ਕੀਤੀ । 1935 ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਅੰਮ੍ਰਿਤਸਰ ਵਿਚ ਕੀਰਤਨੀਏ ਲੱਗੇ ਹੋਏ ਸਨ । ਇਨ੍ਹਾਂ ਦਾ ਜੀਵਨ ਗੁਰਬਾਣੀ ਨਾਲ ਸਰਸ਼ਾਰ ਸੀ ।

## (7) ਭਾਈ ਕਿਰਪਾਲ ਸਿੰਘ

ਭਾਈ ਕਿਰਪਾਲ ਸਿੰਘ ਜੀ ਦਾ ਜਨਮ ਭਾਈ ਜਵਾਹਰ ਸਿੰਘ ਕੌਡੀਆਂ, ਤਹਿਸੀਲ ਬਾਗ (ਪੁਣਛ) ਵਿਖੇ ਹੋਇਆ । ਇਨ੍ਹਾਂ ਦੇ ਦਾਦਾ ਭਾਈ ਸ਼ਾਹ ਸਿੰਘ ਈਸ਼ਰ ਅਤੇ ਪੜਦਾਦਾ ਭਾਈ ਕਰਮ ਸਿੰਘ ਬੜੇ ਰਹਿਣੀ ਬਹਿਣੀ ਵਾਲੇ ਸਿੱਖ ਸਨ । ਭਾਈ ਕਿਰਪਾਲ ਸਿੰਘ ਦੇ ਬਜ਼ੁਰਗ ਨਿਤਨੇਮੀ ਤੇ ਦੀਦਾਰੀਏ ਸਿੱਖ ਸਨ ।

ਭਾਈ ਕਿਰਪਾਲ ਸਿੰਘ ਜੀ ਰਾਗ ਵਿਦਿਆ ਹਾਸਿਲ ਕਰਕੇ ਕਾਫੀ ਸਮਾਂ ਕੀਰਤਨ ਕਰਦੇ ਰਹੇ । ਸ੍ਰੀ ਗੁਰੂ ਸਿੰਘ ਸਭਾ ਹੈਦਰਾਬਾਦ ਵਿਚ ਸਿੱਖੀ ਪ੍ਰਚਾਰ ਅਤੇ ਕੀਰਤਨ ਕਰਦੇ ਰਹੇ । ਇਨ੍ਹਾਂ ਦੇ ਛੋਟਾ ਭਾਈ ਹਰਨਾਮ ਸਿੰਘ ਨੇ ਵੀ ਅੰਮ੍ਰਿਤਸਰ ਰਹਿ ਕੇ ਧਾਰਮਿਕ ਵਿਦਿਆ ਹਾਸਿਲ ਕੀਤੀ ।

# ਸੁਰ ਲਿਪੀ

ਬਲਬੀਰ ਸਿੰਘ ਨੀਲਮ

## ਰਾਗ ਬਿਲਾਵਲ ਤਾਲ ਕਹਿਰਵਾ ਮੱਧ ਲੈਅ

### ਅਸਥਾਈ

| X | | | | 0 | | | |
|---|---|---|---|---|---|---|---|
| 1 | 2 | 3 | 4 | 5 | 6 | 7 | 8 |
| | | | | ਗ | ਗ | ਗ | ਮਪ |
| | | | | ਅ | ਪ | ਨੇ | ਸੇs |
| ਮ | ਮ | ਗ | ਰੇ | ਸ | ਸ | ਸਗ | ਰੇਗ |
| ਵ | ਕ | ਕ | s | ਉ | ਕਬ | ਹੁs | ਨਾ ਬੀ |
| ਰੇ | ਰੇ | ਸ | ਸ | ਸ | ਨ਼ੀ | ਧ਼ | s |
| ਸਾ | s | ਰ | ਹੁ | ਉ | ਰ | ਲਾ | s |
| ਨ਼ੀ | — | ਨ਼ੀ | ਨ਼ੀ | ਨ਼ੀ | ਸ | ਗ | ਰੇ |
| ਹ | ਹੁ | ਸੁ | ਅ | ਮੀ | s | ਪ੍ਰ | ਭ |
| ਸ | ਸ | ਸ | ਸ | ਪ | ਪ | ਪ | ਪ |
| ਮੇ | s | ਹੇ | s | ਪੂ | ਰ | ਬ | ਪ੍ਰੀ |
| ਧ | ਮ | ਮ | — | ਪ | ਮ | ਗ | ਰੇ |
| s | ਤ | ਗੋ | ਬਿੰ | s | ਦ | s | ਬਿ |
| ਪ | — | ਮਗ | ਰੇਸ | | | | |
| ਜ਼ਾ | s | ਰs | ਹੁs | | | | |

### ਅੰਤਰਾ

| | | | | | | | |
|---|---|---|---|---|---|---|---|
| | | | | ਗ | ਮ | ਨੀ | ਧ |
| | | | | ਪ | ਤਿ | ਤ | ਪਾ |
| ਸੰ | ਸੰ | ਸੰ | ਸੰ | ਨੀ | ਸੰ | ਨੀ | ਪ |
| ਵ | ਨ | ਪ੍ਰ | ਭ | ਬਿ | ਰ | ਦ | ਤੁ |
| ਨੀ | ਨੀ | ਨੀ | ਨੀ | ਨੀ | ਸੰ | ਨੀ | ਧ |
| ਮਾ | s | ਰੋ | s | ਹ | ਮ | ਰੇ | s |

| | | | | | | | |
|---|---|---|---|---|---|---|---|
| ਗਾ | ਮ | ਧ | ਧ | ਪ | ਪ | ਪ | ਗ |
| ਦੋਂ | ऽ | ਖ | ਰਿ | ਦੈ | ऽ | ਮ | ਤ |
| ਧ | ਪ | ਪ | ਪ | ਪ | ਧ | ਪ | ਮ |
| ਧਾ | ऽ | ਰ | ਹੁ | ਹ | ਮ | ਰੇ | ऽ |
| ਮ | ਮ | ਮ | ਮ | ਗ | ਰੇ | ਪ | ਮ |
| ਦੋਂ | ऽ | ਖ | ਰਿ | ਦੈ | ऽ | ਮ | ਤ |
| ਗ | ਰੇ | ਸ | ਸ | | | | |
| ਧਾ | ऽ | ਰ | ਹੁ | | | | |

ਬਾਕੀ ਦੇ ਅੰਤਰੇ ਵੀ ਇਸੇ ਤਰ੍ਹਾਂ ਹੀ ਵਜਣਗੇ ।

ਬਿਲਾਵਲੁ ਮਹਲਾ ੫ ॥ ਅਪਨੇ ਸੇਵਕ ਕਉ ਕਬਹੁ ਨ ਬਿਸਾਰਹੁ ॥ ਉਰਿ ਲਾਗਹੁ ਸੁਆਮੀ ਪ੍ਰਭ ਮੇਰੇ ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ ॥ ੧ ॥ ਰਹਾਉ ॥ ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਹਾਰੋ ਹਮਰੇ ਦੋਖ ਰਿਦੈ ਮਤ ਧਾਰਹੁ ॥ ਜੀਵਨ ਪ੍ਰਾਨ ਹਰਿ ਧਨੁ ਸੁਖੁ ਤੁਮ ਹੀ ਹਉਮੈ ਪਟਲੁ ਕ੍ਰਿਪਾ ਕਰਿ ਜਾਰਹੁ ॥ ੧ ॥ ਜਲ ਬਿਹੂਨ ਮੀਨ ਕਤ ਜੀਵਨ ਦੂਧ ਬਿਨਾ ਰਹਨੁ ਕਤ ਬਾਰੋ ॥ ਜਨ ਨਾਨਕ ਪਿਆਸ ਚਰਨ ਕਮਲਨ੍ਹ ਕੀ ਪੇਖਿ ਦਰਸੁ ਸੁਆਮੀ ਸੁਖ ਸਾਰੋ ॥ ੨ ॥ ੭ ॥ ੧੨੩ । [ਪੰਨਾ ੮੨੯]

ਅਰਥ : ਹੇ ਮੇਰੇ ਮਾਲਕ ਪ੍ਰਭੂ ! (ਮੈਨੂੰ) ਆਪਣੇ ਸੇਵਕ ਨੂੰ ਕਦੇ ਭੀ ਨਾ ਭੁਲਾਈਂ, ਮੇਰੇ ਹਿਰਦੇ ਵਿਚ ਵੱਸਿਆ ਰਹੁ । ਹੇ ਮੇਰੇ ਗੋਬਿੰਦ ! ਮੇਰੀ ਪੂਰਬਲੀ ਪ੍ਰੀਤ ਨੂੰ ਚੇਤੇ ਰੱਖੀਂ । ੧ । ਰਹਾਉ ।

ਹੇ ਪ੍ਰਭੂ ! ਤੇਰੇ ਮੁੱਢ-ਕਦੀਮਾਂ ਦਾ ਸੁਭਾਉ ਹੈ ਕਿ ਤੂੰ ਵਿਕਾਰਾਂ ਵਿਚ ਡਿੱਗੇ ਹੋਇਆਂ ਨੂੰ ਪਵਿੱਤਰ ਕਰ ਦੇਂਦਾ ਹੈਂ । ਹੇ ਪ੍ਰਭੂ ਮੇਰੇ ਐਬ (ਭੀ) ਆਪਣੇ ਹਿਰਦੇ ਵਿਚ ਨਾਂਹ ਰੱਖੀਂ । ਹੇ ਹਰੀ ! ਤੂੰ ਹੀ ਮੇਰੀ ਜਿੰਦ-ਜਾਨ ਹੈਂ, ਤੂੰ ਹੀ ਮੇਰਾ ਧਨ ਹੈ, ਤੂੰ ਹੀ ਮੇਰਾ ਸੁਖ ਹੈਂ । ਮੇਹਰ ਕਰ ਕੇ (ਮੇਰੇ ਅੰਦਰੋਂ) ਹਉਮੈ ਦਾ ਪਰਦਾ ਸਾੜ ਦੇ । ੧ ।

ਹੇ ਮੇਰੇ ਮਾਲਕ-ਪ੍ਰਭੂ ! ਪਾਣੀ ਤੋਂ ਬਿਨਾ ਮੱਛੀ ਕਦੇ ਜੀਊਂਦੀ ਨਹੀਂ ਰਹਿ ਸਕਦੀ । ਦੁੱਧ ਤੋਂ ਬਿਨਾ ਬੱਚਾ ਨਹੀਂ ਰਹਿ ਸਕਦਾ । (ਤਿਵੇਂ ਤੇਰੇ) ਦਾਸ ਨਾਨਕ ਨੂੰ ਤੇਰੇ ਸੋਹਣੇ ਚਰਨਾਂ ਦੇ ਦਰਸ਼ਨ ਦੀ ਪਿਆਸ ਹੈ, ਦਰਸ਼ਨ ਕਰਕੇ (ਤੇਰੇ ਸੇਵਕ ਨੂੰ) ਸਾਰੇ ਹੀ ਸੁਖ ਪ੍ਰਾਪਤ ਹੋ ਜਾਂਦੇ ਹਨ ।

# ਅੰਤਰ ਰਾਸ਼ਟਰੀ ਢਾਡੀ ਗਿ: ਜਸਵੰਤ ਸਿੰਘ ਤਾਨ

—ਡਾ, ਜੀ. ਅਸ. ਰੁਪਾਲ

ਗਿਆਨੀ ਜਸਵੰਤ ਸਿੰਘ 'ਤਾਨ' ਦਾ ਜਨਮ 22 ਦਸੰਬਰ 1933 ਨੂੰ ਪਿੰਡ ਖੇੜੀ ਬੀਰ ਸਿੰਘ ਪਿੰਡ ਫਤਹਿਗੜ੍ਹ ਸਾਹਿਬ ਵਿਚ ਗੰਧਰਬ ਰਾਗੀ ਗਿ: ਲਛਮਣ ਸਿੰਘ ਜਿਹੜੇ ਸ੍ਰੀ ਫਤਹਿਗੜ੍ਹ ਸਾਹਿਬ ਦੇ ਹਜ਼ੂਰੀ ਰਾਗੀ ਸਨ, ਦੇ ਘਰ ਗੁਰਦਿਆਲ ਕੌਰ ਦੀ ਕੁੱਖੋਂ ਹੋਇਆ।

ਇਹਨਾਂ ਨੇ ਮੈਟ੍ਰਿਕ ਤੱਕ ਵਿਦਿਆ ਪ੍ਰਾਪਤ ਕੀਤੀ ਅਤੇ ਆਪਣੇ ਪਿਤਾ ਜੀ ਪਾਸੋਂ ਹੀ ਕੀਰਤਨ ਕਰਨ ਦੀ ਜਾਚ ਸਿਖੀ। ਬਾਬਾ ਹਰੀ ਸਿੰਘ ਤੇ ਰਾਮ ਸਿੰਘ ਦੋ ਭਰਾ ਸਨ, ਜੋ ਰਾਜ ਦਰਬਾਰਾਂ ਦੇ ਰਾਗੀ ਸਨ ਇਹ ਵੀ ਤਾਨ ਦੀ ਵਿਰਾਸਤ ਬਣੇ।

ਆਪ ਦੀ ਸ਼ਾਦੀ 1952 ਵਿਚ ਬੀਬੀ ਰਾਜਿੰਦਰ ਕੌਰ ਨਾਲ ਹੋਈ। ਤਾਨ ਨੇ 1955 ਵਿਚ ਕੀਰਤਨ ਜਥਾ ਬਣਾਇਆ। 10 ਸਾਲ ਕੀਰਤਨ ਕਰਨ ਤੋਂ ਬਾਅਦ 1965 ਵਿਚ ਢਾਡੀ ਸ਼੍ਰੇਣੀ ਵਿਚ ਪ੍ਰਵੇਸ਼ ਕੀਤਾ। ਅੱਠਵੀਂ ਜਮਾਤ ਤੱਕ ਉਰਦੂ ਪੜ੍ਹਿਆ ਸੀ। ਲਫ਼ਜ਼ਾਂ ਦੀ ਸ਼ੁਧੀ ਤੇ ਲਗਨ ਨਾਲ ਖੋਜ ਕੀਤੀ ਗੁਰੂ ਇਤਿਹਾਸ ਸਿੱਖ, ਇਤਿਹਾਸ ਵੀ ਪੜ੍ਹਿਆ ਤੇ ਕੰਠ ਕੀਤਾ। ਸੰਗਤਾਂ ਵਿਚ ਬਹੁਤ ਮਕਬੂਲੀਅਤ ਹਾਸਲ ਕੀਤੀ। ਇਕ ਸ਼ਬਦ ਨਾਲ ਢੁਕਵੇਂ 10-10 ਸ਼ਬਦ ਤੱਕ ਦੀ ਸਮਰੱਥਾ ਤਾਨ ਸਾਹਿਬ ਰਖਦੇ ਹਨ। ਕਮਾਲ ਦੀ ਤਰਜ਼ ਬਿਆਨੀ ਆਪਣਾ ਅੰਦਾਜ਼, ਨਿਵੇਕਲੀ ਕਥਨੀ ਨਵੀਨਤਾ ਦਾ ਲਹਿਜਾ ਅਸਰਦਾਰ ਢੰਗ ਢਾਲ ਤਾਨ ਦੇ ਲੈਕਚਰ ਵਿਚ ਜੋਸ਼ ਦੇਖ ਕੇ ਸੰਗਤਾਂ ਅਸ਼-ਅਸ਼ ਕਰਦੀਆਂ ਤੇ ਦਾਦ ਦਿੰਦੀਆਂ ਹਨ।

ਤਾਨ ਸਾਹਿਬ ਪੰਥ ਦੀ ਹਰ ਸਟੇਜ ਤੇ ਸਤਿਕਾਰੇ ਜਾਂਦੇ ਹਨ ਇਨ੍ਹਾਂ ਨੇ ਅਕਾਲੀ ਦਲ ਦੀ ਮੁਢਲੀ ਮੈਂਬਰਸ਼ਿਪ ਜ: ਗੁਰਚਰਨ ਸਿੰਘ ਟੌਹੜਾ ਸਾਹਿਬ ਤੋਂ ਪ੍ਰਭਾਵਿਤ ਹੋ ਕੇ ਅਪਣਾਈ। ਕਥਨੀ ਦੇ ਹੀ ਧਨੀ ਨਹੀਂ, ਕਰਨੀ ਨੂੰ ਵੀ ਅਪਣਾਇਆ। ਪੰਥ ਦੀ ਹਰ ਆਵਾਜ਼ ਉਤੇ ਆਪਣੇ ਆਪ ਨੂੰ ਪੇਸ਼ ਕੀਤਾ ਬਹੁਤ ਵਾਰੀ ਜੇਲ੍ਹ ਵਿਚ ਗਏ ਰੈਲੀਆਂ, ਮੋਰਚੇ ਪੰਥਕ ਹਿਤਾਂ ਲਈ ਅਪਣਾਏ 12 ਮਈ 1976 ਐਮਰਜੈਂਸੀ ਤੋਂ ਖਿਲਾਫ ਜੇਲ੍ਹ ਵਿਚ ਰਹਿ ਕੇ ਯੋਗਦਾਨ ਪਾਇਆ।17-6-1983 ਨੂੰ ਰੇਲ ਰੋਕੂ ਅੰਦੋਲਨ ਵਿਚ ਸਾਧੂਗੜ੍ਹ ਰੇਲ ਰੋਕੀ।

ਗਿ: ਜਸਵੰਤ ਸਿੰਘ ਤਾਨ 5 ਸਾਲ ਪਿੰਡ ਦੇ ਸਰਪੰਚ ਰਹੇ ਹਨ। ਇਹ ਬਾਬਾ ਸੰਗਤ ਸਿੰਘ ਖਾਲਸਾ ਦਲ ਦੇ ਪ੍ਰਧਾਨ ਵੀ ਸਨ। 1978 ਤੋਂ ਗਿਆਨੀ ਦਿੱਤ ਸਿੰਘ ਯਾਦਗਾਰ ਕਮੇਟੀ (ਰਜਿ.) ਦੇ ਜਨਰਲ ਸਕੱਤਰ ਚਲੇ ਆ ਰਹੇ ਹਨ। ਪਹਿਲਾਂ ਸ੍ਰੀ ਗੁਰੂ ਹਰਗੋਬਿੰਦ ਢਾਡੀ ਸਭਾ ਪੰਜਾਬ ਦੇ ਜਨਰਲ ਸਕੱਤਰ ਰਹਿ ਚੁਕੇ ਹਨ। ਹੁਣ ਇਹ ਉਕਤ ਸੰਸਥਾ ਦੇ 13 ਜੂਨ 1992 ਤੋਂ ਪ੍ਰਧਾਨ ਹਨ। ਸਦਾ ਸਭਾ ਦੀ ਚੜ੍ਹਦੀ ਕਲਾ ਲਈ ਸੋਚਦੇ ਹਨ।

ਗੁਰਦੁਆਰਾ ਪ੍ਰਬੰਧਕ ਕਮੇਟੀਆਂ ਸਿੰਘ ਸਭਾਵਾਂ ਤੇ ਪੰਥਕ ਸੰਸਥਾਵਾਂ ਨੂੰ ਪ੍ਰੇਰਿਤ ਕਰਕੇ 30 ਤੋਂ ਵਧ ਢਾਡੀ ਦਰਬਾਰ ਕਰਵਾ ਚੁਕੇ ਹਨ। ਮਿਲਣਸਾਰ ਸੁਭਾਅ ਮਿੱਠਾ

ਬੋਲਣਾ ਇਕੋ ਮਿਲਣੀ ਵਿਚ ਪ੍ਰਭਾਵਿਤ ਕਰ ਲੈਣਾ ਤਾਨ ਦੇ ਗੁਣਾਂ ਵਿਚ ਸ਼ਾਮਲ ਹਨ। ਪੰਜਾਬ ਦੀ ਸ਼ਾਇਦ ਹੀ ਕੋਈ ਧਾਰਮਿਕ ਸਟੇਜ ਹੋਵੇਗੀ ਜਿਥੇ ਤਾਨ ਦੇ ਢਾਡੀ ਜਥੇ ਨੇ ਹਾਜ਼ਰੀ ਨਾ ਭਰੀ ਹੋਵੇ।

ਹਰਿਆਣਾ ਰਾਜਸਥਾਨ, ਬੰਗਾਲ, ਬਿਹਾਰ, ਮੱਧ ਪ੍ਰਦੇਸ਼, ਆਸਾਮ, ਹਿਮਾਚਲ ਪ੍ਰਦੇਸ਼, ਨੇਪਾਲ, ਮਹਾਂਰਾਸ਼ਟਰ, ਗੁਜਰਾਤ, ਬੰਬਈ, ਕਲਕੱਤਾ, ਪੂਨਾ ਆਦਿ ਅਨੇਕਾਂ ਵਾਰੀ ਢਾਡੀ ਜਥੇ ਨਾਲ ਜਾ ਕੇ ਢਾਡੀ ਵਾਰਾਂ ਗਾ ਕੇ ਪ੍ਰਭਾਵਤ ਕੀਤਾ, ਜੰਮੂ ਕਸ਼ਮੀਰ, ਸ੍ਰੀਨਗਰ, ਰਜੌਰੀ ਪੁਣਛ, ਯੂ. ਪੀ. ਤੋਂ ਇਲਾਵਾ ਤਾਨ ਜੀ ਆਪਣੇ ਢਾਡੀ ਜਥੇ ਨਾਲ 1980 ਵਿਚ ਇੰਗਲੈਂਡ ਗਏ। ਦੁਬਾਰਾ ਫਿਰ ਇੰਗਲੈਂਡ 1984 ਵਿਚ ਪੂਰਾ ਇਕ ਸਾਲ ਸਿਖ ਗੁਰਦੁਵਾਰਿਆਂ 'ਚ ਵਲੈਤ ਦੀਆਂ ਸੰਗਤਾਂ ਨੂੰ ਢਾਡੀ ਵਾਰਾਂ ਸੁਣਾ ਕੇ ਵਾਹ ਵਾਹ ਖਟੀ।

1980 ਤੋਂ ਪਹਿਲਾਂ ਲਗਾਤਾਰ ਤਾਨ ਜੀ ਦੇ ਢਾਡੀ ਜਥੇ ਦਾ ਪ੍ਰੋਗਰਾਮ ਹਰ ਵਰ੍ਹੇ ਗੁਰਦੁਵਾਰਾ ਦੁਖਨਿਵਾਰਣ ਸਾਹਿਬ ਪਟਿਆਲਾ ਤੋਂ ਗੁਰੂ ਤੇਗ ਬਹਾਦਰ ਸ਼ਹੀਦੀ ਦਿਹਾੜੇ 'ਤੇ ਲਗਾਤਾਰ 4 ਸਾਲ ਆਲ ਇੰਡੀਆ ਰੇਡੀਓ ਜਲੰਧਰ ਰਾਹੀਂ ਉਤਰੀ ਭਾਰਤ ਵਿਚ ਗੂੰਜਦਾ ਰਿਹਾ।

ਆਪ 1973 ਵਿਚ ਕੋਆਪਰੇਟਿਵ ਪ੍ਰੋਸੈਸਿੰਗ ਸੁਸਾਇਟੀ ਦੇ ਡਾਇਰੈਕਟਰ ਚੁਣੇ ਗਏ। ਪਹਿਲਾਂ ਸ਼੍ਰੋਮਣੀ ਅਕਾਲੀ ਦਲ ਜ਼ਿਲਾ ਪਟਿਆਲਾ ਦੇ ਸਕੱਤਰ ਸਨ। ਹੁਣ ਸ੍ਰੀ ਫਤਹਿਗੜ੍ਹ ਸਾਹਿਬ ਜ਼ਿਲੇ ਦੀ ਪੰਥਕ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਹਨ। ਇਹ ਵਡਿਆਈ ਇਹਨਾਂ ਦੀਆਂ ਪੰਥਕ ਸੇਵਾਵਾਂ ਨੂੰ ਮੁਖ ਰਖਦਿਆਂ ਦਿਤੀ ਗਈ ਹੈ। ਤਾਨ ਦੀ ਢਾਡੀ ਜਥੇਬੰਦੀ ਵਿਚ ਗੁਲਜ਼ਾਰ ਸਿੰਘ, ਹਰਦੀਪ ਸਿੰਘ, ਕਰਮ ਸਿੰਘ ਲੰਗੜੋਆ (ਸਾਰੰਗੀ ਮਾਸਟਰ) ਕਈ ਸਾਲ ਤੱਕ ਨਾਲ ਰਹਿ ਚੁਕੇ ਹਨ।

ਮਹਾਨ ਢਾਡੀ ਕ੍ਰਿਸ਼ਨ ਸਿੰਘ ਨਾਜ਼ੁਕ ਸਾਹਿਬ, ਢਾਡੀ ਕੁਲਦੀਪ ਸਿੰਘ, ਢਾਡੀ ਕੰਧਾਰਾ ਸਿੰਘ ਵੀ ਰਹਿ ਚੁਕੇ ਹਨ। ਜਿਨ੍ਹਾਂ ਨੂੰ ਕਈ ਥਾਵਾਂ ਤੋਂ ਸਨਮਾਨ ਸਤਿਕਾਰ ਮਿਲਿਆ।

ਇਨ੍ਹਾਂ ਦਾ ਛੋਟਾ ਲੜਕਾ ਜਸਪਾਲ ਸਿੰਘ ਤਾਨ ਵੀ ਢਾਡੀ ਪਿੜ ਵਿਚ ਪ੍ਰਵੇਸ਼ ਕਰ ਗਿਆ ਹੈ। 'ਪੰਥਕ ਸਟੇਜਾਂ ਲਈ ਇਹ ਵੀ ਮੇਰੇ ਵਾਂਗ ਨਿਤਰਦਾ, ਨਿਰਭੇਤਾ, ਪੰਥ ਦੀ ਚੜ੍ਹਦੀ ਕਲਾ ਲਈ ਬਾਣੀ, ਬਾਣੇ ਦੀ ਗੱਲ ਕਰੇ', ਤਾਨ ਦੀ ਇਹੋ ਇੱਛਾ ਹੈ। ਅੱਜ ਵੀ ਸਟੇਜ ਤੇ ਖੜਕੇ ਤਾਨ ਚੜ੍ਹਦੀ ਕਲਾ ਦੀ ਗੱਲ ਚੜ੍ਹਦੀ ਕਲਾ ਵਿਚ ਰਹਿ ਕੇ ਕਰਦਾ ਹੈ। ਤਾਨ ਇਹ ਤਸਲੀਮ ਕਰਦਾ ਹੈ ਕਿ ਇਹ ਤਾਂ ਗੁਰੂ ਪਤਿਸ਼ਾਹ ਜੀ ਦੀ ਜਾਂ ਗੁਰੂ ਕੀ ਸੰਗਤ ਦੀ ਹੀ ਦੇਣ ਹੈ, ਬਖਸ਼ ਹੈ, ਕਿਰਪਾਲਤਾ ਹੈ, ਦਿਆਲਤਾ ਹੈ, ਨਜ਼ਰੇ ਰਹਿਮਤ ਹੈ, ਨਜ਼ਰੇ ਕਰਮ ਹੈ, ਨਜ਼ਰੇ ਇਨਾਇਤ ਹੈ, ਨਜ਼ਰੇ ਹੁਸਨ ਹੈ, ਬਖਸ਼ਸ਼ਹੈ, ਵਡਿਆਈ ਹੈ, ਮੇਰੀ ਔਕਾਤ ਨਹੀਂ। ਨਹੀਂ ਤਾਂ :-

"ਹਮ ਰੁਲਤੇ ਫਿਰਤੇ, ਕੋਈ ਬਾਤ ਨਾ ਪੂਛਤਾ, ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ !

ਨੋਟ :—ਭਾਸ਼ਾ ਵਿਭਾਗ ਪੰਜਾਬ ਨੇ ਤਾਨ ਨੂੰ ਸ਼੍ਰੋਮਣੀ ਢਾਡੀ ਸਨਮਾਨ ਦੇਣ ਦਾ ਐਲਾਨ ਕੀਤਾ ਹੈ - ਮੁਬਾਰਕਾਂ/ਸੰਪਾਦਕ

ਡਾ. ਜਾਗੀਰ ਸਿੰਘ ਦੀ ਨਵੀਂ ਕੈਸਟ

# ਪੂਤਾ ਮਾਤਾ ਕੀ ਆਸੀਸ ਤੇ ਕੀਰਤਨ ਦੇ ਅਰਥ

ਡਾ. ਤ੍ਰਿਲੋਚਨ ਸਿੰਘ ਤਰਸੀ

ਮੈਨੂੰ ਕੀਰਤਨ ਸੁਨਣ ਦਾ ਸ਼ੌਂਕ ਹੈ ਅਤੇ ਇਹ ਸ਼ੌਂਕ ਜਨਮ ਜਾਤ ਹੈ । ਪਰ ਅਜੇ ਤੀਕ ਮੈਨੂੰ ਕੀਰਤਨ ਦੇ ਅਰਥ ਸਮਝ ਨਹੀਂ ਆਏ ਜ ਸ਼ਾਇਦ ਮੇਰੀ ਸਮਝ ਲਈ ਇਹ ਅਰਥ ਕਈ ਵਾਰ ਬਦਲੇ ਹਨ । 'ਕਰਤ ਦੀ ਕੀਰਤ ਗਾਉਣੀ' ਅਰਥ ਮੈਨੂੰ ਸਦਾ ਹੀ ਅਧੂਰੇ ਜਾਪੇ ਹਨ । ਛੋਟੇ ਹੁੰਦਿਆਂ ਜਦੋਂ ਭਾਈ ਸਮੁੰਦ ਸਿੰਘ ਜੀ ਦੇ ਜਥੇ ਨੂੰ, ਨਵਾਂ ਮਹੱਲਾ ਲੁਧਿਆਣਾ ਜਿਥੇ ਉਦੋਂ ਉਹ ਰਹਿੰਦੇ ਸਨ, ਦੇ ਨਿੱਕੇ ਜਿਹੇ ਗੁਰਦੁਆਰੇ ਵਿੱਚ ਕੀਰਤਨ ਕਰਦਾ ਸੁਣਦਾ ਸਾਂ ਤਾਂ ਕਿਧਰੇ ਗੁਆਚ ਜਿਹਾ ਜਾਂਦਾ ਸਾਂ । ਸੰਗਤ ਵਿੱਚ ਬੈਠੇ ਬਹੁਤੇ 'ਮਾਈ ਭਾਈ' ਮੈਨੂੰ ਗੁਆਚ ਰਹੇ ਜਾਪਦੇ ਸਨ । ਹੁਣ ਯਾਦ ਕਰਨ ਤੇ ਸਮਝ ਆਉਂਦੀ ਹੈ ਕਿ ਸੰਗਤ, ਸ਼ਰਧਾ ਅਤੇ ਸੁਰ ਮਿਲ ਕੇ ਅਜਿਹੀਆਂ ਧੁਨੀ ਤਰੰਗਾਂ ਪੈਦਾ ਕਰਦੀਆਂ ਹਨ ਜੋ ਸੁਰਤ ਨੂੰ ਆਪਣੇ ਨਾਲ ਹੀ ਵਹਾ ਲੈ ਜਾਂਦੀਆਂ ਹਨ । ਮੇਰੇ ਲਈ ਉਦੋਂ ਸੁਰਤ ਨੂੰ ਇਸ ਤਰ੍ਹਾਂ ਵਹਾ ਲੈ ਜਾਣਾ ਹੀ ਕੀਰਤਨ ਦੇ ਅਰਥ ਬਣ ਗਏ ਸਨ ਜੋ ਬੜੇ ਸਾਲ ਜਿਉਂ ਦੇ ਤਿਉਂ ਬਣੇ ਰਹੇ । ਉਸ ਪਿਛੋਂ ਮੇਰੇ ਲਈ ਕਈ ਵਾਰ ਇਨ੍ਹਾਂ ਅਰਥਾਂ ਵਿੱਚ ਤਬਦੀਲੀ ਆਈ ਹੈ ।

ਹੁਣ ਜਦੋਂ ਡਾ. ਜਾਗੀਰ ਸਿੰਘ ਦੀ ਨਵੀਂ ਕੈਸਟ 'ਪੂਤਾ ਮਾਤਾ ਕੀ ਆਸੀਸ' ਵਿੱਚ ਰਿਕਾਰਡ ਹੋਏ ਚਾਰ ਸ਼ਬਦਾਂ ਦਾ ਕੀਰਤਨ ਪਿਛਲੇ ਇੱਕ ਮਹੀਨੇ ਤੋਂ ਅਨੇਕ ਵਾਰ ਸੁਣ ਚੁਕਾ ਹਾਂ ਤਾਂ ਇਹਨਾਂ ਵਿੱਚ ਇਕ ਵਾਰ ਫਿਰ ਤਬਦੀਲੀ ਆਈ ਹੈ । ਮੈਂ ਸਮਝਦਾ ਹਾਂ ਕਿ ਕੋਈ ਕਲਾ ਕ੍ਰਿਤ ਜੋ ਕਿਸੇ ਵੀ ਪੱਖ ਤੋਂ ਜੀਵਨ ਦੇ ਅਰਥਾਂ ਵਿੱਚ ਵਿਸ਼ਾਲਤਾ ਲਿਆਉਣ ਦੇ ਸਮਰਥ ਹੋਵੇ-ਮਹਾਨਤਾ ਦੀ ਦਹਿਲੀਜ਼ ਤੇ ਖਲੋਤੀ ਹੁੰਦੀ ਹੈ । ਇਸ ਕੈਸਟ ਨੇ ਮੇਰੇ ਲਈ ਜੀਵਨ ਦੇ ਅਰਥਾਂ ਵਿੱਚ ਵਿਸ਼ਾਲਤਾ ਲਿਆਂਦੀ ਹੈ ਜਾਂ ਨਹੀਂ ਇਹ ਕਹਿਣ ਤੋਂ ਮੈਂ ਅਸਮਰਥ ਹਾਂ ਪਰ ਯਕੀਨਨ ਕੀਰਤਨ ਦੇ ਅਰਥਾਂ ਸਬੰਧੀ ਮੇਰੇ ਦ੍ਰਿਸ਼ਟੀ ਕੋਣ ਵਿੱਚ ਇੱਕ ਤਬਦੀਲੀ ਲਿਆਂਦੀ ਹੈ ।

ਰਸ-ਸੰਚਾਰ ਹਰ ਕਲਾ-ਕ੍ਰਿਤ ਦਾ ਸੁਭਾਵਕ ਗੁਣ ਹੈ । ਕਵਿਤਾ ਵੀ ਤੇ ਸੰਗੀਤ ਵੀ ਕੋਮਲ ਕਲਾਵਾਂ ਹਨ । ਇਹਨਾਂ ਦਾ ਸਬੰਧ ਬੁੱਧੀ ਨਾਲੋਂ ਵਧੇਰੇ ਸੁਰਤ ਨਾਲ ਹੈ, ਚਿੰਤਨ ਨਾਲੋਂ ਵਧੇਰੇ ਚੇਤਨਾ ਨਾਲ ਹੈ ਅਤੇ ਭਾਵ ਨਾਲੋਂ ਵਧੇਰੇ ਅਨੁਭਵ ਨਾਲ ਹੈ । ਜਦੋਂ ਕਦੀ ਕੋਈ ਕਲਾਕਾਰ ਆਪਣੇ ਮਾਧਿਅਮ ਦੀ ਵਰਤੋਂ ਕਰਦਾ ਹੋਇਆ, ਪਾਠਕ ਦਰਸ਼ਕ ਜਾਂ ਸ੍ਰੋਤਾ ਦੀ ਆਤਮਾ ਤੀਕ ਆਪਣੇ ਵਿਲੱਖਣ ਅਨੁਭਵ ਦੇ ਆਧਾਰ ਤੇ ਰਸ ਸੰਚਾਰ ਕਰਨ

ਯੋਗ ਹੋ ਜਾਂਦਾ ਹੈ ਤਾਂ ਉਸਦੀ ਵੀ ਰਚਨਾ ਸਫਲ ਹੁੰਦੀ ਹੈ। ਕੀਰਤਨੀਏ ਲਈ ਇਹ ਜ਼ਿੰਮੇਵਾਰੀ ਦੋ ਪਰਤੀ ਹੁੰਦੀ ਹੈ। ਪਹਿਲਾਂ ਤਾਂ ਉਸਨੇ ਕਾਵਿ-ਰਚਨਾ ਵਿਚੋਂ ਉਤਪੰਨ ਹੋ ਰਹੇ ਰਸ ਨੂੰ ਸਮਝ ਕੇ ਆਪਣੇ ਸਰੋਤਿਆਂ ਦੀ ਇਸ ਮੂਲ ਰਸ ਨਾਲ ਸਾਂਝ ਪੁਆਉਣੀ ਹੁੰਦੀ ਹੈ ਫਿਰ ਆਪਣੀ ਕਲਾ ਰਾਹੀਂ ਵੀ ਰਸ ਦਾ ਸੰਚਾਰ ਕਰਨਾ ਹੁੰਦਾ ਹੈ ਭਾਰਤ-ਮਨੀ ਦੇ ਨਾਟਯ-ਸ਼ਾਸਤਰ ਅਨੁਸਾਰ ਭਾਵੇਂ ਰਸ ਕੇਵਲ ਸੱਤ ਹੀ ਮੰਨੇ ਗਏ ਪਰ ਪਿਛੋਂ ਹੋਈ ਖੋਜ ਅਨੁਸਾਰ ਰਸਾਂ ਦੀ ਗਿਣਤੀ ਨੌ ਹੋ ਗਈ ਅਤੇ ਕਰੁਣਾ ਰਸ ਦੀ ਥਾਂ ਸ਼ਾਂਤ ਰਸ ਨੂੰ ਸਰਬੋਤਮ ਰਸ ਸਵੀਕਾਰ ਕੀਤਾ ਗਿਆ। ਇਹ ਸ਼ਾਂਤ ਰਸ ਪ੍ਰਭੂ ਦੀ ਅਪਣੀ ਹੋਂਦ ਦੇ ਬਹੁਤ ਨੇੜੇ ਦਾ ਅਨੁਭਵ ਹੈ

ਸ਼ਾਸਤਰੀ ਸੰਗੀਤ ਦੇ ਗਾਇਕ ਨੇ ਸੁਰ ਲਹਿਰਾਂ ਦਾ ਇਕ ਅਜਿਹਾ ਝਰਨਾ ਜਾਂ ਸਾਗਰ ਸਿਰਜਣਾ ਹੁੰਦਾ ਹੈ, ਕੁਝ ਚਿਰ ਲਈ ਜਿਸ ਵਿਚ ਸਰੋਤਿਆਂ ਦੀ ਸੁੱਧ-ਬੁੱਧ ਗੁਆਚ ਜਾਵੇ। ਪਰ ਗੁਰਬਾਣੀ ਸੰਗੀਤ ਦੇ ਗਾਇਕ ਲਈ ਕਵਿ ਰਚਨਾ ਅਤੇ ਸੰਗੀਤ ਰਚਨਾ ਤੋਂ ਉਪਜਣ ਵਾਲੇ ਰਸਾਂ ਨੂੰ ਇਕ ਸੁਰ ਕਰਕੇ ਆਪਣੀ ਆਵਾਜ਼ ਰਾਹੀਂ ਇਕ ਨਿਵੇਕਲਾ ਅਨੁਭਵ ਜਗਾਉਣਾ ਜ਼ਰੂਰੀ ਹੋ ਜਾਂਦਾ ਹੈ। ਅਜਿਹਾ ਅਨੁਭਵ ਜਗਾ ਸਕਣਾ ਹੀ ਗਾਇਕ ਦੀ ਸਫਲਤਾ ਦਾ ਰਾਜ਼ ਹੈ।

ਗੁਰਬਾਣੀ ਗਾਇਣ ਵਿਚ ਰਾਗੀ ਦੀ ਜ਼ਿੰਮੇਵਾਰੀ ਵਿੱਚ ਇੱਕ ਹੋਰ ਮਹੱਤਵਪੂਰਨ ਵਾਧਾ ਵੀ ਹੁੰਦਾ ਹੈ ਕੀਰਤਨੀਏ ਨੇ ਗੁਰਬਾਣੀ ਸ਼ਬਦਾਂ ਦੇ ਅਰਥ ਅਤੇ ਭਾਵ ਸਪਸ਼ਟ ਕਰਨ ਤੋਂ ਇਲਾਵਾ ਸ਼ਰਧਾਲੂਆਂ ਦੀ ਸ਼ਰਧਾ ਅਨੁਸਾਰ ਸਰੋਤਾਂ ਦੇ ਅਨੁਭਵ ਨੂੰ ਸਹੀ ਦਿਸ਼ਾ ਦੇ ਕੇ ਇਕ ਹਲੂਣਾ ਦੇਣਾ ਹੁੰਦਾ ਹੈ। ਕਈ ਰਾਗੀ ਇਸ ਮੰਤਵ ਲਈ ਸ਼ਰਧਾਲੂਆਂ ਨੂੰ ਆਪਣੀ ਕੀਰਤਨ ਕਿਰਿਆ ਦਾ ਸਹਿ ਭਾਗੀ ਬਣਾ ਕੇ ਉਹਨਾਂ ਨੂੰ ਆਪਣੇ ਸੁਰਾਂ ਦਾ ਸੰਗੀ ਬਣਾ ਲੈਂਦੇ ਹਨ। ਇਹ ਉਹਨਾਂ ਦੀ ਆਪਣੀ ਕੀਰਤਨ ਸ਼ੈਲੀ ਦਾ ਵਿਸਥਾਰ ਮਾਤਰ ਹੀ ਹੈ। ਕੁਝ ਕੀਰਤਨੀਏ ਗੁਰਬਾਣੀ ਵਿਚਲੇ ਅਨੁਭਵਾਂ ਦੀ ਥਾਹ ਪਾਉਣ ਯੋਗ ਨਹੀਂ ਹੁੰਦੇ ਅਤੇ ਸ਼ਰਧਾਲੂਆਂ ਨੂੰ ਕਈ ਪ੍ਰਕਾਰ ਦੇ ਕਲਾਤਮਕ ਭਰਮ-ਜਾਲਾਂ ਰਾਹੀਂ ਭਰਮਾਉਣ ਦਾ ਜਤਨ ਕਰਦੇ ਹਨ।

ਕਈ ਵਾਰ ਰਾਗੀ ਸ਼ਰਧਾਲੂਆਂ ਦੀ ਸ਼ਰਧਾ, ਗੁਰਬਾਣੀ ਦੀ ਦਾਰਸ਼ਨਿਕ ਸਮਰਥਾ ਅਤੇ ਸੰਗੀਤ ਦੀ ਕਲਾਤਮਕ ਰਸ ਸੰਚਾਰ ਯੋਗਤਾ ਨੂੰ ਇਕ ਸੁਰ ਕਰਨ ਲਈ ਧੁਨੀਆਂ ਦੀ ਵਰਤੋਂ ਕਰਦਾ ਹੋਇਆ, ਆਵਾਜ਼ ਦਾ ਇਕ ਪੁਲ ਸਿਰਜਣ ਵਿੱਚ ਸਫਲ ਹੋ ਜਾਂਦਾ ਹੈ। ਇਸ ਪੁਲ ਰਾਹੀਂ ਅਛੋਪਲੇ ਹੀ ਸ਼ਰਧਾਲੂ ਦੀ ਸੁਰਤ ਰਸ ਦਾ ਅਨੰਦ ਵੀ ਲੈਂਦੀ ਹੈ ਅਤੇ ਗੁਰਬਾਣੀ ਦੀ ਦਾਰਸ਼ਨਿਕ ਸਮਰਥਾ ਵਿਚੋਂ ਵੀ ਕੁਝ ਪ੍ਰਾਪਤ ਕਰ ਲੈਂਦੀ ਹੈ। ਅਜਿਹੇ ਵਿਰਲੇ ਰਾਗੀ ਨੂੰ ਸਹਿਜ ਭਾਵੀ ਹੋ ਕੇ, ਬਿਨਾਂ ਉਚੇਚੇ ਜਤਨਾਂ ਦੀ ਨੁਮਾਇਸ਼ ਕੀਤੇ ਆਪਣੀ ਗਾਇਣ ਕਲਾ ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ। ਸੰਗੀਤ ਵਿੱਚ ਸਹਿਜ-ਭਾਵੀ ਹੋ ਸਕਣ ਲਈ ਤਪੱਸਿਆ ਵਰਗਾ ਨਿਰੰਤਰ ਅਭਿਆਸ ਬਹੁਤ ਜ਼ਰੂਰੀ ਹੈ। ਵਰ੍ਹਿਆਂ ਦੇ ਨਿਰੰਤਰ ਅਭਿਆਸ ਪਿਛੋਂ ਹੀ ਸੁਰ ਸਾਧਨਾ ਸਫਲ ਹੁੰਦੀ ਹੈ।

ਮੈਂ ਬਹੁਤ ਵਾਰ ਆਪਣੇ ਆਪ ਨੂੰ ਚਿਤੰਨ ਅਤੇ ਚੇਤਨਾ ਦੇ ਵਿਚਕਾਰ ਕਿਸੇ ਅਵਸਥਾ ਵਿੱਚ ਰੁਕ ਗਿਆ ਅਨੁਭਵ ਕਰਦਾ ਹਾਂ । ਡਾ. ਜਾਗੀਰ ਸਿੰਘ ਦੀ ਨਵੀਂ ਕੈਸਟ 'ਪੂਤਾ ਮਾਤਾ ਕੀ ਆਸੀਸ' ਦੇ ਚਾਰ ਸ਼ਬਦ ਸੁਣਦਿਆਂ ਵੀ ਅਨੁਭਵ ਇਹੋ ਜਿਹਾ ਹੀ ਹੈ। ਕੀਰਤਨ ਕਾਰ ਨੇ ਕੈਸਟ ਲਈ ਸੁਖ ਮਈ ਅਨੁਭਵ ਦੇ ਚਾਰ ਸ਼ਬਦ ਚੁਣੇ ਹਨ। ਚੋਣ ਸੋਚ ਸਮਝ ਕੇ ਕੀਤੀ ਜਾਪਦੀ ਹੈ ਤੇ ਸ਼ਾਇਦ ਗਾਏ ਸ਼ਬਦਾਂ ਦੀ ਤਰਤੀਬ ਵੀ ਕਿਸੇ ਵਿਸ਼ੇਸ਼ ਮੰਤਵ ਦੀ ਲਖਾਇਕ ਹੈ। ਚਾਰੇ ਸ਼ਬਦ ਸੁਖਮਈ ਅਨੁਭਵ ਦੀਆਂ ਵੱਖ-ਵੱਖ ਦਿਸ਼ਾਵਾਂ ਦੇ ਸੂਚਕ ਹਨ।

ਕੈਸਟ ਦੇ 'ਏ' ਪਾਸੇ ਵੱਲ ਪਹਿਲਾ ਸ਼ਬਦ ਗੁਰੂ ਅਰਜਨ ਦੇਵ ਜੀ ਦੀ ਰਾਗ ਗੂਜਰੀ ਵਿਚ ਉਚਾਰਨ ਕੀਤੀ ਬਾਣੀ ਵਿਚੋਂ ਹੈ ਅਤੇ ਗੁਰੂ ਗਰੰਥ ਸਾਹਿਬ ਦੇ ਪੰਨਾ 496 ਤੇ ਸੋਭਾਵੰਤ ਹੈ। 'ਪੂਤਾ ਮਾਤਾ ਕੀ ਆਸੀਸ' ਨੂੰ ਇਸ ਸ਼ਬਦ ਦੀ ਸਥਾਈ ਬਣਾਇਆ ਗਿਆ ਹੈ ਬਾਲਕ ਦੇ ਜਨਮ ਸਮੇਂ ਦੀ ਸੁੱਖਮਈ ਅਵਸਥਾ ਗ੍ਰਹਿਸਤੀ ਜਗਿਆਸੂ ਲਈ ਸਮਝਣੀ ਜ਼ਰਾ ਵੀ ਔਖੀ ਨਹੀਂ। ਇਸ ਪਾਸੇ ਦਾ ਦੂਜਾ ਸ਼ਬਦ ਗੁਰੂ ਅਮਰ ਦਾਸ ਜੀ ਦੀ ਰਾਗ ਰਾਮਕਲੀ ਵਿੱਚ ਦਰਜ ਬਾਣੀ ਅਨੰਦ ਸਾਹਿਬ ਦੀ ਤੀਜੀ ਪਉੜੀ ਹੈ ਅਤੇ ਗੁਰੂ ਗਰੰਥ ਸਾਹਿਬ ਦੇ ਪੰਨਾ 917 ਤੇ ਸੁਸ਼ੋਭਤ ਹੈ। ਦਾਤ ਪ੍ਰਾਪਤ ਕਰਨੀ ਹੋਵੇ ਜਾਂ ਕਰ ਲਈ ਹੋਵੇ ਜਗਿਆਸੂ ਉਸ ਦਾਤੇ ਦੀ ਸਿਫਤ ਸਲਾਹ ਤਾਂ ਕਰੇਗਾ ਹੀ। ਇਸ ਮੰਤਵ ਲਈ ਗੁਰੂ ਅਮਰ ਦਾਸ ਜੀ ਦੀ ਬਾਣੀ ਸਭ ਤੋਂ ਚੰਗੀ ਮਾਰਗ ਦਰਸ਼ਕ ਸਿੱਧ ਹੁੰਦੀ ਹੈ। 'ਬੀ' ਪਾਸੇ ਦਾ ਆਰੰਭ ਗੁਰੂ ਗਰੰਥ ਸਾਹਿਬ ਦੇ ਪੰਨਾ 499 ਤੇ ਸੁਸ਼ੋਭਿਤ, ਰਾਗ ਗੂਜਰੀ ਮਹਲਾ-5 ਹੈ 'ਠਾਕੁਰ ਹੋਇ ਆਪ ਦਇਆਲ' ਇਸ ਸ਼ਬਦ ਦੀ ਸਥਾਈ ਹੈ ਅਤੇ "ਭਈ ਕਲਯਾਨ ਅਨੰਦ ਰੂਪ ਹੋਈ ਹੈ ਉਭਰੇ ਬਾਲ ਗੋਪਾਲ" ਇਸ ਸ਼ਬਦ ਦੇ ਸੁਖ ਦੀ ਦਿਸ਼ਾ ਪ੍ਰਤੀਤ ਹੁੰਦੀ ਹੈ। ਇਸ ਪਾਸੇ ਦੇ ਅੰਤ ਵਿੱਚ ਗੁਰੂ ਅਰਜਨ ਦੇਵ ਜੀ ਦੀ ਰਾਗ ਸੋਰਠਿ ਦੀ ਰਚਨਾ ਆਪਨੇ ਸਤਿਗੁਰ ਕੇ ਬਲਿਹਾਰੈ ਦਾ ਗਾਇਣ ਕੀਤਾ ਗਿਆ ਹੈ।

ਚੋਹਾਂ ਸ਼ਬਦਾਂ ਦੇ ਗਾਇਣ ਢੰਗ ਵਿੱਚ ਕਈ ਪੱਖਾਂ ਤੋਂ ਸਮਾਨਤਾ ਹੈ। ਚੋਹਾਂ ਸ਼ਬਦਾਂ ਦੀ ਸਥਾਈ ਤੁੱਕ ਦਾ ਗਾਇਣ ਅਰੰਭ ਕਰਨ ਤੋਂ ਪਹਿਲਾਂ ਉਸ ਸ਼ਬਦ ਦੀ ਅਰੰਭ ਦੀ ਤੁਕ ਦਾ ਗਾਇਣ ਅਰੰਭ ਕਰਨ ਕਰਨ ਤੋਂ ਪਹਿਲਾਂ ਉਸ ਸ਼ਬਦ ਦੀ ਅਰੰਭ ਦੀ ਤੁਕ ਨੂੰ ਵੱਖਰੇ ਅੰਦਾਜ਼ ਵਿੱਚ ਗਾ ਕੇ ਇਕ ਖਾਸ ਪ੍ਰਭਾਵ ਸਿਰਜਣ ਦਾ ਜਤਨ ਕੀਤਾ ਗਿਆ ਹੈ। ਜ਼ਰਾ ਕੁ ਸੁਚੇਤ ਹੋ ਕੇ ਸੁਣ ਰਹੇ ਸਰੋਤਾ ਦਾ ਧਿਆਨ ਆਪਣੇ ਆਪ ਹੀ ਇਸ ਭਾਵ ਵੱਲ ਕੇਂਦਰਿਤ ਹੋ ਜਾਂਦਾ ਹੈ। 'ਪੂਤਾ ਮਾਤਾ ਕੀ ਆਸੀਸ' ਦੇ ਸਥਾਈ ਗਾਇਣ ਅਰੰਭ ਕਰਨ ਤੋਂ ਪਹਿਲਾਂ ਇਹ ਤੁਕ ਵੱਖਰੇ ਅੰਦਾਜ਼ ਵਿੱਚ ਗਾਈ ਗਈ ਹੈ।

ਜਿਸ ਸਿਮਰਤ ਸਭ ਕਿਲ ਬਿਖੁ ਨਾਸੇ
ਪਿਤਰੀ ਹੋਇ ਉਧਾਰੋ ।
ਸੋ ਹਰਿ ਹਰਿ ਤੁਮ ਸਦ ਹੀ ਜਾਪੋ
ਜਾ ਕਾ ਅੰਤ ਨਾ ਪਾਰੋ ॥

ਸਿੱਖ ਵਿਚਾਰਧਾਰਾ ਅਨੁਸਾਰ ਬੱਚਿਆਂ ਵਾਸਤੇ ਇਹੋ ਸਭ ਤੋਂ ਵੱਡੀ ਅਸੀਸ ਹੋ ਸਕਦੀ ਹੈ। ਦੂਜੇ ਸ਼ਬਦ ਦਾ ਅਰੰਭ 'ਕਿਆ ਨਾਹੀ ਘਰਿ ਤੇਰੇ' ਤੋਂ ਕੀਤਾ ਗਿਆ ਹੈ :

ਕਿਆ ਨਾਹੀ ਘਰਿ ਤੇਰੇ
ਕਿਆ ਨਾਹੀ ਘਰਿ ਤੇਰੇ
ਸਾਹਿਬਾ ਸਾਚੇ ਕਿਆ ਨਾਹੀ ਘਰਿ ਤੇਰੇ।

ਗੁਰੂ ਅਮਰ ਦਾਸ ਜੀ ਦੇ ਵਿਸ਼ਾਲ ਜੀਵਨ ਅਨੁਭਵ ਅਤੇ ਅਧਿਆਤਮਕ ਪ੍ਰਾਪਤੀ ਦਾ ਪ੍ਰਮਾਣ ਅਨੰਦ ਸਾਹਿਬ ਤਾਂ ਸਮੁਚਾ ਹੀ ਇਸ ਤੁੱਕ ਤੇ ਅਧਾਰਿਤ ਹੈ। ਸ਼ਾਇਦ ਇਸ ਕਾਰਣ ਹੀ ਸ਼ਬਦ ਗਾਇਣ ਦਾ ਅਰੰਭ ਅਤੇ ਸਥਾਈ ਵੀ ਇਸ ਹੀ ਤੁਕ ਨੂੰ ਬਣਾਇਆ ਗਿਆ ਹੈ। ਇਹ ਗੱਲ ਵੱਖਰੀ ਹੈ ਕਿ ਅੰਤਰੇ ਵਜੋਂ ਇਸ ਨੂੰ ਵੱਖਰ ਅੰਦਾਜ਼ ਵਿੱਚ ਗਾਇਆ ਗਿਆ ਹੈ।

'ਬੀ' ਪਾਸ ਦੇ ਪਹਿਲੇ ਸ਼ਬਦ ਦਾ ਗਾਇਣ ਅਰੰਭ ਕਰਦਿਆਂ ਵੱਖਰੇ ਅੰਦਾਜ਼ ਵਿੱਚ ਗਾਉਣਲਈ ਵਰਤੀ ਪਹਿਲੀ ਤੁੱਕ ਇਸ ਪ੍ਰਕਾਰ ਹੈ :

ਦੁਇ ਕਰਿ ਜੋੜ ਕਰੀ ਬੇਨੰਤੀ
ਠਾਕੁਰ ਆਪਣਾ ਧਿਆਇਆ
ਹਾਥ ਦੇ ਰਾਖੇ ਪਰਮੇਸਰ
ਸਗਲਾ ਦੁਰਤ ਮਿਟਾਇਆ।

ਬੇਨਤੀ ਪ੍ਰਵਾਨ ਹੋਣ ਅਤੇ ਸਾਰੇ ਦੁਖ ਮਿਟ ਜਾਣ ਉਪਰੰਤ ਉਪਜੇ ਸੁਖ ਦੀ ਦਿਸ਼ਾ ਵੱਖਰੀ ਹੈ। ਇਸ ਲਈ ਰਾਗੀ ਸਥਾਈ ਅਕਾਲ ਪੁਰਖ ਦੇ ਸ਼ੁਕਰਾਨੇ ਦੀ ਤੁਕ ਨੂੰ ਬਣਾਉਂਦੇ ਹਨ :

'ਠਾਕੁਰ ਹੋਏ ਆਪ ਦਇਆਲ
ਭਈ ਕਲਯਾਣ ਆਨੰਦ ਰੂਪ-ਉਭਰੇ ਬਾਲ ਗੋਪਾਲ।

ਕੈਸਟ ਦੇ ਅੰਤ ਵਿੱਚ ਸਰਬ ਸੁਖ ਦਾਤਾ ਸਤਿਗੁਰੂ ਦੀ ਕਿਰਪਾ ਨਾਲ ਸਭ ਸੁੱਖ ਪ੍ਰਾਪਤ ਹੋ ਜਾਣ ਉਪਰੰਤ ਜਗਿਆਸੂ ਮਗਨ ਹੋ ਕੇ ਆਪਣੇ ਸਤਿਗੁਰੂ ਤੋਂ ਬਲਿਹਾਰ ਹੋ ਜਾਣ ਦਾ ਅਨੰਦ ਗੀਤ ਗਾਉਂਦਾ ਹੈ। ਅੰਤਰਾ ਵੇਖੋ :

'ਗੁਰ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ
ਕੋਇ ਨਾ ਪਹੁੰਚਣ ਹਾਰਾ ਦੂਜਾ ਅਪਨੇ ਸਾਹਿਬ ਕਾ ਭਰਵਾਸਾ।'

ਅਤੇ ਸਥਾਈ ਦਾ ਅਲਾਪ ਪੂਰੀ ਸ਼ਰਧਾ ਨਾਲ ਕੀਤਾ ਗਿਆ ਹੈ।

ਆਪਨੇ ਸਤਿਗੁਰ ਕੈ ਬਲਿਹਾਰੈ
ਆਗੈ ਸੁਖ, ਪਾਛੈ ਸੁਖ ਸਹਿਜਾ, ਘਰਿ ਆਨੰਦੁ ਹਮਾਰੈ ॥

ਸ਼ਬਦਾਂ ਦੇ ਭਾਵ ਸਪਸ਼ਟ ਕਰਨ ਲਈ ਰਾਗੀ ਵੱਖਰੇ-ਵੱਖਰੇ ਢੰਗ ਅਪਣਾਉਂਦੇ ਹਨ। ਵਿਆਖਿਆ ਕਰਦਿਆਂ ਪੁਰਾਣਿਕ ਕਥਾਵਾਂ ਜਾਂ ਗੁਰ ਇਤਿਹਾਸ ਦੀਆਂ ਸਾਖੀਆਂ ਸੁਣਾਉਣ ਇੱਕ ਵਿਧੀ ਹੈ। ਇਕ ਹੋਰ ਵੀ ਗੁਰਬਾਣੀ ਵਿਚੋਂ ਹੀ ਪ੍ਰਮਾਣ ਰੂਪ ਵਿੱਚ ਉਸੇ ਭਾਵ ਦੀਆਂ ਹੋਰ ਤੁਕਾਂ ਦਾ ਗਾਇਣ ਕਰਨਾ ਹੈ। ਡਾ: ਜਾਗੀਰ ਸਿੰਘ ਨੇ ਇਸ ਕੈਸਟ ਵਿੱਚ ਗਾਈ ਜਾ ਰਹੀ ਤੁਕ ਦੇ ਦੁਹਰਾਓ ਨੂੰ ਭਾਵ ਸਪਸ਼ਟ ਕਰਨ ਦੇ ਢੰਗ ਵਜੋਂ ਅਪਣਾਇਆ ਹੈ। ਸਿਆਣੀ ਚੋਣ, ਸੋਚੀ ਸਮਝੀ ਤਰਤੀਬ ਅਤੇ ਸਹਿਜ ਭਾਵ ਹੋ ਕੇ ਕੀਤਾ ਕੀਰਤਨ ਇਸ ਕੈਸਟ ਦੀ ਪ੍ਰਾਪਤੀ ਵੀ ਹੈ ਤੇ ਡ: ਜਾਗੀਰ ਸਿੰਘ ਦੀ ਘਾਲਣਾ ਦਾ ਸਬੂਤ ਵੀ।

# ਸਿਦਕਵਾਨ ਸਮਰਪਿਤ ਕੀਰਤਨੀਏ : ਭਾਈ ਉੱਤਮ ਸਿੰਘ ਜੀ ਪਤੰਗ

ਸਿਦਕਵਾਨ ਬਜ਼ੁਰਗਾਂ ਦੀ ਇਕ ਸਨਮਾਨਯੋਗ ਪੀੜ੍ਹੀ ਦੇ ਪ੍ਰਤੀਨਿਧ ਇਕ-ਇਕ ਕਰਕੇ ਕਾਲ ਦੀ ਮੁੱਠੀ ਵਿਚੋਂ ਕਿਰ ਰਹੇ ਹਨ। ਜੀਵਨ ਭਰ ਆਪਣੇ ਆਦਰਸ਼ ਨੂੰ ਸਮਰਪਿਤ ਇਹ ਮਹਾਨ ਪ੍ਰਤੀਭਾਵਾਨ ਵਿਅਕਤੀ ਸਾਡੀ ਸਦੀ ਦੀ ਮਹਾਨ ਅਨਮੋਲ ਵਿਰਾਸਤ ਹਨ। ਜਿਨ੍ਹਾਂ ਵਿਚੋਂ ਗੁਰੂ ਕੀਰਤਨ ਨੂੰ ਸਮਰਪਿਤ ਨਿਸ਼ਠਾਵਾਨ, ਕੀਰਤਨੀਏ, ਭਾਈ ਸਾਹਿਬ ਭਾਈ ਉਤਮ ਸਿੰਘ ਜੀ "ਪਤੰਗ" ਪ੍ਰਮੁੱਖ ਸਨ। ਗੁਰੂ ਨਾਮਲੇਵਾ ਸਖਸ਼ੀਅਤ ਭਾਈ ਸਾਹਿਬ ਗੁਰਮਤਿ ਸੰਗੀਤ ਦੇ ਆਦਰਸ਼ਕ ਪ੍ਰਤੀਕ ਅਤੇ ਮਰਿਆਦਾ ਦਾ ਅਨੂਠਾ ਨਮੂਨਾ ਸਨ।

ਭਾਈ ਸਾਹਿਬ ਭਾਈ ਉਤਮ ਸਿੰਘ ਜੀ ਦਾ ਜਨਮ 10 ਜੁਲਾਈ, 1928 ਨੂੰ ਪਿੰਡ ਗੋਬਿੰਦਪੁਰਾ ਜ਼ਿਲਾ ਗੁਜਰਾਤ (ਪਾਕਿਸਤਾਨ) ਵਿਖੇ ਹੋਇਆ। ਆਪ ਜੀ ਦੇ ਪਿਤਾ ਬਾਬਾ ਗੁਰਮੁਖ ਸਿੰਘ ਇਸ ਇਲਾਕੇ ਦੀ ਉਘੀ ਸਖਸ਼ੀਅਤ ਅਤੇ ਸਿੰਘ ਸਭਾ ਲਹਿਰ ਦੇ ਸਰਗਰਮ ਵਰਕਰ ਸਨ। ਬਾਣੀ, ਕੀਰਤਨ ਅਤੇ ਸੇਵਾ ਇਨ੍ਹਾਂ ਬਜ਼ੁਰਗਾਂ ਦਾ ਜੀਵਨ ਅਧਾਰ ਸੀ। ਗੋਬਿੰਦਪੁਰਾ ਪਿੰਡ ਵੀ ਭਾਈ ਸਾਹਿਬ ਦੇ ਪੁਰਖਿਆਂ ਨੇ ਵਸਾਇਆ ਜਿਹੜਾ ਕਿ ਸਿੱਖੀ ਆਦਰਸ਼ ਦਾ ਮਾਡਲ ਪਿੰਡ ਸੀ। ਭਾਈ ਉਤਮ ਸਿੰਘ ਜੀ ਨੇ ਆਪਣੀ ਆਰੰਭਿਕ ਸਿੱਖਿਆ ਮੰਡੀ ਬਹਾਵਲਦੀਨ ਤੋਂ ਅਤੇ ਕੀਰਤਨ ਦੀ ਸਿੱਖਿਆ ਬਜ਼ੁਰਗਾਂ ਤੋਂ ਅਤੇ ਸੰਗੀਤ ਦੀ ਸਿਖਿਆ ਬੰਨੇ ਖਾਂ ਦੇ ਭਰਾ ਪਿਆਰੇ ਖਾਂ (ਗੁਜਰਾਤੀ) ਉਸਤਾਦ ਅਲੀ ਬਖਸ਼ ਦੇ ਸ਼ਿਸ਼ ਤੋਂ ਪ੍ਰਾਪਤ ਕੀਤੀ। ਵੰਡ ਦੇ ਉਜਾੜੇ ਸਮੇਂ ਭਾਈ ਸਾਹਿਬ ਆਪਣੇ ਨਾਲ ਪਾਕਿਸਤਾਨ ਤੋਂ ਕੇਵਲ ਆਪਣਾ ਪਿਆਰਾ ਹਰਮੋਨੀਅਮ ਹੀ ਲਿਆਏ।

ਆਪ ਨੇ ਕਿਰਸਾਨੀ ਜੀਵਨ ਆਰੰਭ ਕੀਤਾ ਅਤੇ ਪੰਜਾਬ ਤੇ ਯੂ.ਪੀ. ਵਿਖੇ ਰਹੇ। ਉਪਰੰਤ ਵੱਖ-ਵੱਖ ਗੁਰਧਾਮਾਂ ਦੀ ਕੀਰਤਨ ਸੇਵਾ ਤੋਂ ਇਲਾਵਾ ਸਭ ਤੋਂ ਜਿਆਦਾ ਸਮਾਂ ਲਗਭਗ 30 ਸਾਲ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਬਿਤਾਇਆ ਅਤੇ ਇਸ ਇਲਾਕੇ ਵਿਚ ਪੱਕਾ ਨਿਵਾਸ ਕੀਤਾ। ਇਸ ਇਲਾਕੇ ਦੀ ਨਾਮਵਰ ਗੁਰਮੁਖ ਸਖਸ਼ੀਅਤ ਭਾਈ ਸਾਹਿਬ ਸੰਗਤਾਂ ਵਿਚ ਹਰਮਨ ਪ੍ਰਿਯਾ ਅਤੇ ਸਤਿਕਾਰਤ ਵਿਅਕਤੀ ਸਨ।

ਭਾਈ ਸਾਹਿਬ ਦੇ ਕੀਰਤਨ ਦਾ ਅੰਦਾਜ਼ ਅਤਿਅੰਤ ਟਿਕਾਅ ਭਰਪੂਰ ਸੀ। ਆਪ ਕਿਹਾ ਕਰਦੇ ਸਨ ਕਿ "ਸਹਿਜੇ ਗਾਵਿਆ ਥਾਇ ਪਾਇ"। ਆਪ ਦੀ ਰਸਨਾ ਵਿਚ ਨਾਮ ਬਾਣੀ ਦਾ ਵਾਸ ਸੀ। ਅਤੇ ਜਦੋਂ ਆਪ ਸ਼ੁੱਧ ਕੀਰਤਨ ਰੀਤ ਅਨੁਸਾਰ ਸੁਰਤ ਜੋੜ ਕੇ ਕੀਰਤਨ ਕਰਦੇ ਸਨ ਤਾਂ ਅਧਿਆਤਮ ਮੰਡਲ ਦੇ ਦੇਸ਼ ਦੀਆਂ ਤਾਰੀਆਂ ਲੁਆਉਂਦੇ ਸਨ। ਸਿੱਖ ਕੀਰਤਨ ਦੇ ਆਦਰਸ਼ ਭਾਈ ਸਾਹਿਬ ਨੇ ਆਪਣਾ ਸਮੁੱਚਾ ਜੀਵਨ ਗੁਰੂ ਦੀ ਹਜ਼ੂਰੀ ਤੋਂ ਬਿਨਾਂ ਕੀਰਤਨ ਨਹੀਂ ਕੀਤਾ। ਆਪ ਜੀ ਦੀਆਂ ਸਭ ਉਪਲਬਧ ਰਿਕਾਰਡਿੰਗਜ਼ ਗੁਰੂ ਘਰ ਦੀਆਂ ਹੀ ਹਨ। ਆਪ ਦੀਆਂ ਕੀਰਤਨ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਭਾਸ਼ਾ ਵਿਭਾਗ ਪੰਜਾਬ ਨੇ 1991 ਵਿਚ "ਸ਼੍ਰੋਮਣੀ ਰਾਗੀ" ਪੁਰਸਕਾਰ ਚੀਫ਼ ਖਾਲਸਾ ਦੀਵਾਨ ਨੇ ਭਾਈ ਹੀਰਾ ਸਿੰਘ ਐਵਾਰਡ ਗੁਰਮਤਿ ਸੰਗੀਤ ਸੁਸਾਇਟੀ ਨੇ ਕੀਰਤਨ ਸਮਰਾਟ ਅਤੇ ਗੁਰੂਦਵਾਰਾ ਗਿਆਨ ਪ੍ਰਕਾਸ਼ ਨੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਮੇਂ ਵਿਸ਼ੇਸ਼ ਸਨਮਾਨ ਦਿੱਤਾ।

ਭਾਈ ਸਾਹਿਬ ਦੇ ਅਨੇਕ ਸ਼ਗਿਰਦ ਦੇਸ਼ ਵਿਦੇਸ਼ ਵਿਚ ਕੀਰਤਨ ਅਤੇ ਸੰਗੀਤ ਦੀ ਸੇਵਾ ਕਰ ਰਹੇ ਹਨ। ਆਪ ਦੇ ਖਾਨਦਾਨ ਵਿਚੋਂ ਸੰਗੀਤ ਤੇ ਕੀਰਤਨ ਦੀ ਸੇਵਾ ਕਰਨ ਵਾਲਿਆਂ ਵਿਚੋਂ ਡਾ. ਜਾਗੀਰ ਸਿੰਘ (ਅੰਮ੍ਰਿਤ ਕੀਰਤਨ), ਸ਼੍ਰੋਮਣੀ ਰਾਗੀ ਡਾ. ਬਚਿੱਤਰ ਸਿੰਘ (ਏ.ਐਸ. ਕਾਲਜ ਖੰਨਾ) ਅਤੇ ਡਾ. ਗੁਰਨਾਮ ਸਿੰਘ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਸੰਗੀਤ ਅਤੇ ਕੀਰਤਨ ਦੇ ਖੇਤਰ ਵਿਚ ਆਪਣੇ ਗਾਇਨ, ਪੁਸਤਕਾਂ, ਖੋਜ ਆਦਿਕ ਦੁਆਰਾ ਭਰਪੂਰ ਯੋਗਦਾਨ ਪਾ ਰਹੇ ਹਨ।

ਭਾਈ ਸਾਹਿਬ ਰਿਟਾਇਰਮੈਂਟ ਉਪਰੰਤ ਗੁਰੂ ਘਰ ਵਿਖੇ ਕੀਰਤਨ ਦੀ ਅਨਿਨ ਸੇਵਾ ਨਿਭਾਉਂਦੇ ਰਹੇ। ਹੇਮਕੁੰਟ ਸਾਹਿਬ ਦੀ ਯਾਤਰਾ ਉਪਰੰਤ ਗੁਰਬਾਣੀ ਦੇ ਪਾਠ ਪ੍ਰਵਾਹ ਦੀ ਧੁੰਨ ਵਿਚ ਆਪਨੇ 21 ਸਤੰਬਰ ਨੂੰ ਅੰਮ੍ਰਿਤ ਵੇਲੇ ਆਪਣੇ ਸਵਾਸ ਤਿਆਗੇ। ਆਪ ਦੀ ਇੱਛਾ ਅਨੁਸਾਰ ਆਪ ਦਾ ਅੰਤਮ ਸੰਸਕਾਰ ਗੁਰੂਦਵਾਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਪਿੱਛੇ ਕੀਤਾ ਗਿਆ ਅਤੇ ਅੰਤਿਮ ਅਰਦਾਸ ਅਤੇ ਕੀਰਤਨ ਵੀ ਗੁਰੂਦਵਾਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ 30 ਸਤੰਬਰ 1995 ਨੂੰ ਕੀਤਾ ਗਿਆ।